


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Monday 23 February, 2026 | website: www.cee7news.com

ਹੋਰ ਵੇਰਵੇ **ਜਾਂਚ ਅਜੇ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੇਰਵੇ ਸਾਹਮਣੇ ਆ ਸਕਦੇ ਹਨ**

# ਹਰਿਆਣਾ ਸਰਕਾਰ ਦੇ ਖਾਤਿਆਂ ਵਿੱਚ IDFC ਫਰਸਟ ਬੈਂਕ ਦੀ 590 ਕਰੋੜ ਰੁਪਏ ਦੀ ਧੋਖਾਧੜੀ ਦਾ ਖੁਲਾਸਾ ਹੋਇਆ ਹੈ

**ਚੰਡੀਗੜ੍ਹ** ਹਰਿਆਣਾ ਸਰਕਾਰ ਦੇ ਖਾਤਿਆਂ ਵਿੱਚ IDFC ਫਰਸਟ ਬੈਂਕ ਦੀ 590 ਕਰੋੜ ਰੁਪਏ ਦੀ ਧੋਖਾਧੜੀ ਦਾ ਖੁਲਾਸਾ ਹੋਇਆ ਹੈ। ਇਹ ਖ਼ਬਰ 22 ਫਰਵਰੀ 2026 ਨੂੰ ਸਾਹਮਣੇ ਆਈ ਹੈ ਅਤੇ ਬੈਂਕ ਨੇ ਆਪਣੀ ਰੈਗੂਲੇਟਰੀ ਫਾਈਲਿੰਗ ਵਿੱਚ ਇਸ ਬਾਰੇ ਜਾਣਕਾਰੀ ਦਿੱਤੀ ਹੈ। ਇਹ ਧੋਖਾਧੜੀ ਚੰਡੀਗੜ੍ਹ ਦੀ ਬੈਂਕ ਦੀ ਇੱਕ ਖਾਸ ਸ਼ਾਖਾ ਨਾਲ ਜੁੜੀ ਹੋਈ ਹੈ ਜਿੱਥੇ ਹਰਿਆਣਾ ਸਰਕਾਰ ਦੇ ਕੁਝ ਵਿਭਾਗਾਂ ਦੇ ਖਾਤੇ ਖੁੱਲ੍ਹੇ ਸਨ। ਬੈਂਕ ਨੇ ਆਪਣੇ ਚਾਰ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਪੁਲੀਸ ਸ਼ਿਕਾਇਤ ਵੀ ਦਰਜ ਕਰਵਾਈ ਹੈ। ਇਸ ਤੋਂ ਇਲਾਵਾ ਇੱਕ ਸੁਤੰਤਰ ਬਾਹਰੀ ਏਜੰਸੀ ਰਾਹੀਂ ਫੋਰੈਂਸਿਕ ਆਡਿਟ ਵੀ ਕਰਵਾਇਆ ਜਾ ਰਿਹਾ ਹੈ ਤਾਂ ਜੋ ਪੂਰੀ ਸੱਚਾਈ ਸਾਹਮਣੇ ਆ ਸਕੇ। ਧੋਖਾਧੜੀ ਦਾ ਪਤਾ ਲੱਗਣ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਹਰਿਆਣਾ ਸਰਕਾਰ ਦੇ ਇੱਕ ਵਿਭਾਗ ਨੇ ਆਪਣਾ ਖਾਤਾ ਬੰਦ ਕਰਨ ਅਤੇ ਬਾਕੀ ਰਾਸ਼ੀ ਨੂੰ ਕਿਸੇ ਹੋਰ ਬੈਂਕ ਵਿੱਚ ਟ੍ਰਾਂਸਫਰ ਕਰਨ ਦੀ ਬੇਨਤੀ ਕੀਤੀ। ਇਸ ਪ੍ਰਕਿਰਿਆ ਦੌਰਾਨ ਖਾਤੇ ਵਿੱਚ ਦੱਸੀ ਗਈ ਰਕਮ ਅਤੇ ਅਸਲ ਮੌਜੂਦ ਬੈਲੇਂਸ ਵਿੱਚ ਵੱਡਾ ਅੰਤਰ ਨਜ਼ਰ ਆਇਆ। ਇਸ ਤੋਂ ਬਾਅਦ 18 ਫਰਵਰੀ 2026 ਤੋਂ ਬੈਂਕ ਨੇ ਹੋਰ ਸਰਕਾਰੀ ਖਾਤਿਆਂ ਦੀ ਵੀ ਜਾਂਚ ਸ਼ੁਰੂ ਕੀਤੀ ਅਤੇ ਉੱਥੇ ਵੀ ਇਸੇ ਤਰ੍ਹਾਂ ਦੀਆਂ ਅਸੰਗਤੀਆਂ ਸਾਹਮਣੇ ਆਈਆਂ। ਬੈਂਕ ਦੀ ਫਾਈਲਿੰਗ ਅਨੁਸਾਰ ਇਹ ਅਣਅਧਿਕਾਰਤ ਅਤੇ ਧੋਖਾਧੜੀ ਵਾਲੀਆਂ ਗਤੀਵਿਧੀਆਂ ਚੰਡੀਗੜ੍ਹ ਸ਼ਾਖਾ ਦੇ ਕੁਝ ਕਰਮਚਾਰੀਆਂ ਵੱਲੋਂ ਕੀਤੀਆਂ ਗਈਆਂ ਹਨ ਅਤੇ ਇਸ ਵਿੱਚ ਹੋਰ ਵਿਅਕਤੀਆਂ ਤੇ ਸੰਸਥਾਵਾਂ ਦੀ ਵੀ ਸੰਭਾਵਿਤ ਸ਼ਮੂਲੀਅਤ ਹੈ।ਬੈਂਕ ਨੇ ਸਪੱਸ਼ਟ ਕੀਤਾ ਹੈ ਕਿ ਇਹ ਮਾਮਲਾ ਸਿਰਫ਼ ਹਰਿਆਣਾ ਸਰਕਾਰ ਨਾਲ ਜੁੜੇ ਖਾਤਿਆਂ ਤੱਕ ਹੀ ਸੀਮਤ ਹੈ ਅਤੇ ਚੰਡੀਗੜ੍ਹ ਸ਼ਾਖਾ ਦੇ ਹੋਰ ਆਮ ਗਾਹਕਾਂ 'ਤੇ ਇਸ ਦਾ ਕੋਈ ਅਸਰ ਨਹੀਂ ਪਿਆ ਹੈ। ਧੋਖਾਧੜੀ ਵਾਲੇ ਖਾਤਿਆਂ ਵਿੱਚ ਮੌਜੂਦ ਰਾਸ਼ੀ ਨੂੰ ਫ੍ਰੀਜ਼ (ਲੀਅਨ ਮਾਰਕ) ਕਰਨ ਲਈ ਸਬੰਧਤ ਬੈਂਕਾਂ ਨੂੰ ਵਾਪਸੀ ਦੀ ਬੇਨਤੀ ਵੀ ਭੇਜੀ ਗਈ ਹੈ। ਬੈਂਕ ਨੇ ਆਪਣੇ ਰੈਗੂਲੇਟਰ ਨੂੰ ਵੀ ਇਸ ਬਾਰੇ ਪੂਰੀ ਜਾਣਕਾਰੀ ਦੇ ਦਿੱਤੀ ਹੈ। ਇਸ ਸਮੇਂ ਧੋਖਾਧੜੀ ਦੀ ਅੰਦਾਜ਼ਨ ਰਕਮ 590 ਕਰੋੜ ਰੁਪਏ ਦੱਸੀ ਜਾ ਰਹੀ ਹੈ ਪਰ ਅੰਤਿਮ ਰਕਮ ਰਿਕੰਸੀਲੀਏਸ਼ਨ ਪ੍ਰਕਿਰਿਆ, ਵਧੇਰੇ ਜਾਣਕਾਰੀ ਅਤੇ ਵਸੂਲੀ ਤੋਂ ਬਾਅਦ ਹੀ ਪੱਕੀ ਹੋਵੇਗੀ।




**ਰਕਮ 590 ਕਰੋੜ ਰੁਪਏ ਦੱਸੀ ਜਾ ਰਹੀ ਹੈ ਪਰ ਅੰਤਿਮ ਰਕਮ ਰਿਕੰਸੀਲੀਏਸ਼ਨ ਪ੍ਰਕਿਰਿਆ**

ਬੈਂਕ ਨੇ ਸਪੱਸ਼ਟ ਕੀਤਾ ਹੈ ਕਿ ਇਹ ਮਾਮਲਾ ਸਿਰਫ਼ ਹਰਿਆਣਾ ਸਰਕਾਰ ਨਾਲ ਜੁੜੇ ਖਾਤਿਆਂ ਤੱਕ ਹੀ ਸੀਮਤ ਹੈ ਅਤੇ ਚੰਡੀਗੜ੍ਹ ਸ਼ਾਖਾ ਦੇ ਹੋਰ ਆਮ ਗਾਹਕਾਂ 'ਤੇ ਇਸ ਦਾ ਕੋਈ ਅਸਰ ਨਹੀਂ ਪਿਆ ਹੈ। ਧੋਖਾਧੜੀ ਵਾਲੇ ਖਾਤਿਆਂ ਵਿੱਚ ਮੌਜੂਦ ਰਾਸ਼ੀ ਨੂੰ ਫ੍ਰੀਜ਼ (ਲੀਅਨ ਮਾਰਕ) ਕਰਨ ਲਈ ਸਬੰਧਤ ਬੈਂਕਾਂ ਨੂੰ ਵਾਪਸੀ ਦੀ ਬੇਨਤੀ ਵੀ ਭੇਜੀ ਗਈ ਹੈ। ਬੈਂਕ ਨੇ ਆਪਣੇ ਰੈਗੂਲੇਟਰ ਨੂੰ ਵੀ ਇਸ ਬਾਰੇ ਪੂਰੀ ਜਾਣਕਾਰੀ ਦੇ ਦਿੱਤੀ ਹੈ। ਇਸ ਸਮੇਂ ਧੋਖਾਧੜੀ ਦੀ ਅੰਦਾਜ਼ਨ ਰਕਮ 590 ਕਰੋੜ ਰੁਪਏ ਦੱਸੀ ਜਾ ਰਹੀ ਹੈ ਪਰ ਅੰਤਿਮ ਰਕਮ ਰਿਕੰਸੀਲੀਏਸ਼ਨ ਪ੍ਰਕਿਰਿਆ, ਵਧੇਰੇ ਜਾਣਕਾਰੀ ਅਤੇ ਵਸੂਲੀ ਤੋਂ ਬਾਅਦ ਹੀ ਪੱਕੀ ਹੋਵੇਗੀ।ਇਸ ਸਮੇਂ ਧੋਖਾਧੜੀ ਦੀ ਅੰਦਾਜ਼ਨ ਰਕਮ 590 ਕਰੋੜ ਰੁਪਏ ਦੱਸੀ ਜਾ ਰਹੀ ਹੈ ਪਰ ਅੰਤਿਮ ਰਕਮ ਰਿਕੰਸੀਲੀਏਸ਼ਨ ਪ੍ਰਕਿਰਿਆ, ਵਧੇਰੇ ਜਾਣਕਾਰੀ ਅਤੇ ਵਸੂਲੀ ਤੋਂ ਬਾਅਦ ਹੀ ਪੱਕੀ ਹੋਵੇਗੀ।ਇਸ ਸਮੇਂ ਧੋਖਾਧੜੀ ਦੀ ਅੰਦਾਜ਼ਨ ਰਕਮ 590 ਕਰੋੜ ਰੁਪਏ ਦੱਸੀ ਜਾ ਰਹੀ ਹੈ ਪਰ ਅੰਤਿਮ ਰਕਮ ਰਿਕੰਸੀਲੀਏਸ਼ਨ ਪ੍ਰਕਿਰਿਆ, ਵਧੇਰੇ ਜਾਣਕਾਰੀ ਅਤੇ ਵਸੂਲੀ ਤੋਂ ਬਾਅਦ ਹੀ ਪੱਕੀ ਹੋਵੇਗੀ।

ਇਹ ਖ਼ਬਰ ਭਾਰਤੀ ਬੈਂਕਿੰਗ ਸਿਸਟਮ ਵਿੱਚ ਸੁਰੱਖਿਆ ਅਤੇ ਨਿਗਰਾਨੀ ਦੇ ਮੁੱਦੇ ਨੂੰ ਇੱਕ ਵਾਰ ਫਿਰ ਉਭਾਰ ਰਹੀ ਹੈ। ਪਿਛਲੇ ਸਾਲਾਂ ਵਿੱਚ ਵੀ ਕਈ ਵੱਡੀਆਂ ਬੈਂਕ ਧੋਖਾਧੜੀਆਂ ਸਾਹਮਣੇ ਆ ਚੁੱਕੀਆਂ ਹਨ ਜਿਨ੍ਹਾਂ ਨੇ ਲੋਕਾਂ ਦੇ ਭਰੋਸੇ ਨੂੰ ਠੇਸ ਪਹੁੰਚਾਈ ਹੈ। ਇਸ ਮਾਮਲੇ ਵਿੱਚ ਹਰਿਆਣਾ ਸਰਕਾਰ ਦੇ ਖਾਤੇ ਸ਼ਾਮਲ ਹੋਣ ਕਾਰਨ ਇਹ ਵੱਡੇ ਪੱਧਰ 'ਤੇ ਚਰਚਾ ਵਿੱਚ ਆ ਰਿਹਾ ਹੈ। ਬੈਂਕ ਨੇ ਆਪਣੇ ਅੰਦਰੂਨੀ ਕੰਟਰੋਲ ਨੂੰ ਮਜ਼ਬੂਤ ਕਰਨ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਵਚਨਬੱਧਤਾ ਜ਼ਾਹਰ ਕੀਤੀ ਹੈ।

ਜਾਂਚ ਅਜੇ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੇਰਵੇ ਸਾਹਮਣੇ ਆ ਸਕਦੇ ਹਨ। ਇਸ ਧੋਖਾਧੜੀ ਨਾਲ ਜੁੜੇ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਬੈਂਕਿੰਗ ਸੈਕਟਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਹੁਤ ਜ਼ਰੂਰੀ ਹੈ ਤਾਂ ਜੋ ਲੋਕਾਂ ਦੇ ਪੈਸੇ ਸੁਰੱਖਿਅਤ ਰਹਿਣ। ਇਹ ਮਾਮਲਾ ਨਾ ਸਿਰਫ਼ ਬੈਂਕ ਬਲਕਿ ਸਰਕਾਰੀ ਖਜ਼ਾਨੇ ਦੀ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈਇਹ ਖ਼ਬਰ ਭਾਰਤੀ ਬੈਂਕਿੰਗ ਸਿਸਟਮ ਵਿੱਚ ਸੁਰੱਖਿਆ ਅਤੇ ਨਿਗਰਾਨੀ ਦੇ ਮੁੱਦੇ ਨੂੰ ਇੱਕ ਵਾਰ ਫਿਰ ਉਭਾਰ ਰਹੀ ਹੈ। ਪਿਛਲੇ ਸਾਲਾਂ ਵਿੱਚ ਵੀ ਕਈ ਵੱਡੀਆਂ ਬੈਂਕ ਧੋਖਾਧੜੀਆਂ ਸਾਹਮਣੇ ਆ ਚੁੱਕੀਆਂ ਹਨ ਜਿਨ੍ਹਾਂ ਨੇ ਲੋਕਾਂ ਦੇ ਭਰੋਸੇ ਨੂੰ ਠੇਸ ਪਹੁੰਚਾਈ ਹੈ। ਇਸ ਮਾਮਲੇ ਵਿੱਚ ਹਰਿਆਣਾ ਸਰਕਾਰ ਦੇ ਖਾਤੇ ਸ਼ਾਮਲ ਹੋਣ ਕਾਰਨ ਇਹ ਵੱਡੇ ਪੱਧਰ 'ਤੇ ਚਰਚਾ ਵਿੱਚ ਆ ਰਿਹਾ ਹੈ। ਬੈਂਕ ਨੇ ਆਪਣੇ ਅੰਦਰੂਨੀ ਕੰਟਰੋਲ ਨੂੰ ਮਜ਼ਬੂਤ ਕਰਨ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਵਚਨਬੱਧਤਾ ਜ਼ਾਹਰ ਕੀਤੀ ਹੈ। ਜਾਂਚ ਅਜੇ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੇਰਵੇ ਸਾਹਮਣੇ ਆ ਸਕਦੇ ਹਨ। ਇਸ ਧੋਖਾਧੜੀ ਨਾਲ ਜੁੜੇ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਬੈਂਕਿੰਗ ਸੈਕਟਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਹੁਤ ਜ਼ਰੂਰੀ ਹੈ ਤਾਂ ਜੋ ਲੋਕਾਂ ਦੇ ਪੈਸੇ ਸੁਰੱਖਿਅਤ ਰਹਿਣ। ਇਹ ਮਾਮਲਾ ਨਾ ਸਿਰਫ਼ ਬੈਂਕ ਬਲਕਿ ਸਰਕਾਰੀ ਖਜ਼ਾਨੇ ਦੀ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈਰਕਮ 590 ਕਰੋੜ ਰੁਪਏ ਦੱਸੀ ਜਾ ਰਹੀ ਹੈ ਪਰ ਅੰਤਿਮ ਰਕਮ ਰਿਕੰਸੀਲੀਏਸ਼ਨ ਪ੍ਰਕਿਰਿਆ

**Crime News** **ਘਟਨਾ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਅਡੀਆਂ (ਅਧੀਆਂ) ਵਿੱਚ ਵਾਪਰੀ ਹੈ,**

# ਗੁਰਦਾਸਪੁਰ ਵਿੱਚ ਦੋ ਪੁਲੀਸ ਮੁਲਾਜ਼ਮਾਂ ਦੀਆਂ ਮ੍ਰਿਤਕ ਦੇਹਾਂ ਮਿਲਣ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ

ਗੁਰਦਾਸਪੁਰ ਵਿੱਚ ਦੋ ਪੁਲੀਸ ਮੁਲਾਜ਼ਮਾਂ ਦੀਆਂ ਮ੍ਰਿਤਕ ਦੇਹਾਂ ਮਿਲਣ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਇਹ ਦਰਦਨਾਕ ਘਟਨਾ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਅਡੀਆਂ (ਅਧੀਆਂ) ਵਿੱਚ ਵਾਪਰੀ ਹੈ, ਜੋ ਅੰਤਰਰਾਸ਼ਟਰੀ ਸਰਹੱਦ (ਆਈ.ਬੀ.) ਨੇੜੇ ਸਥਿਤ ਹੈ। ਮ੍ਰਿਤਕ ਪੁਲੀਸ ਮੁਲਾਜ਼ਮਾਂ ਦੀ ਪਛਾਣ ਸਹਾਇਕ ਸਬ-ਇੰਸਪੈਕਟਰ (ਏ.ਐੱਸ.ਆਈ.) ਗੁਰਨਾਮ ਸਿੰਘ ਅਤੇ ਹੋਮ ਗਾਰਡ ਜਵਾਨ ਅਸ਼ੋਕ ਕੁਮਾਰ ਵਜੋਂ ਹੋਈ ਹੈ। ਦੋਵਾਂ ਦੇ ਸਰੀਰ ’ਤੇ ਗੋਲੀਆਂ ਲੱਗਣ ਦੇ ਨਿਸ਼ਾਨ ਮਿਲੇ ਹਨ, ਜਿਸ ਕਾਰਨ ਇਹ ਮਾਮਲਾ ਹੋਰ ਵੀ ਗੰਭੀਰ ਹੋ ਗਿਆ ਹੈ।ਘਟਨਾ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਪੁਲੀਸ ਨੇ ਤੁਰੰਤ ਮੌਕੇ ’ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਦੋਰਾਂਗਲਾ ਪੁਲੀਸ ਸਟੇਸ਼ਨ ਦੇ ਇੰਚਾਰਜ ਬਨਾਰਸੀ ਦਾਸ ਨੇ ਦੱਸਿਆ ਕਿ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਮੌਕੇ ਤੋਂ ਵੱਖ-ਵੱਖ ਸਬੂਤ ਇਕੱਠੇ ਕੀਤੇ ਗਏ ਹਨ ਅਤੇ ਦੋਵਾਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਤਾਂ ਜੋ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਜਾਂਚ ਅਜੇ ਜਾਰੀ ਹੈ ਅਤੇ ਫਿਲਹਾਲ ਕਿਸੇ ਵੀ ਤਰ੍ਹਾਂ ਦੀ ਪੁਸ਼ਟੀ ਕਰਨਾ ਜਲਦਬਾਜ਼ੀ ਹੋਵੇਗੀ।ਕੁਝ ਰਿਪੋਰਟਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਦੋਵਾਂ ਮੁਲਾਜ਼ਮਾਂ ਵਿਚਕਾਰ ਕਿਸੇ ਵਿਵਾਦ ਜਾਂ ਝਗੜੇ ਤੋਂ ਬਾਅਦ ਇੱਕ-ਦੂਜੇ ’ਤੇ ਗੋਲੀਆਂ ਚਲਾਈਆਂ ਗਈਆਂ ਹੋ ਸਕਦੀਆਂ ਹਨ, ਪਰ ਪੁਲੀਸ ਨੇ ਇਸ ਬਾਰੇ ਕੋਈ ਪੱਕੀ ਟਿੱਪਣੀ ਨਹੀਂ ਕੀਤੀ। ਇਹ ਘਟਨਾ ਇੱਕ ਪੁਲੀਸ ਆਊਟਪੋਸਟ ਜਾਂ ਨੇੜਲੇ ਇਲਾਕੇ ਵਿੱਚ ਵਾਪਰੀ ਹੈ, ਜਿੱਥੇ ਸਰਹੱਦੀ ਖੇਤਰ ਹੋਣ ਕਾਰਨ ਸੁਰੱਖਿਆ ਦੇ ਪੱਖ ਤੋਂ ਵਿਸ਼ੇਸ਼ ਸਾਵਧਾਨੀ ਵਰਤੀ ਜਾਂਦੀ ਹੈ। ਇਸ ਤਰ੍ਹਾਂ ਦੀ ਵਾਰਦਾਤ ਨੇ ਪੰਜਾਬ ਪੁਲੀਸ ਵਿਭਾਗ ਵਿੱਚ ਵੀ ਡੂੰਘਾ ਸਦਮਾ ਪਹੁੰਚਾਇਆ ਹੈ। ਪੁਲੀਸ ਮੁਲਾਜ਼ਮ ਆਪਣੀ ਡਿਊਟੀ ਦੌਰਾਨ ਅਕਸਰ ਜਾਨਾਂ ਜੋਖਮ ਵਿੱਚ ਪਾ ਕੇ ਕੰਮ ਕਰਦੇ ਹਨ, ਪਰ ਅਜਿਹੀ ਘਟਨਾ ਜਦੋਂ ਆਪਣੇ ਹੀ ਵਿਭਾਗ ਦੇ ਮੈਂਬਰਾਂ ਨਾਲ ਜੁੜੀ ਹੋਵੇ ਤਾਂ ਇਹ ਹੋਰ ਵੀ ਦੁਖਦਾਈ ਹੁੰਦੀ ਹੈ।ਇਲਾਕੇ ਦੇ ਲੋਕਾਂ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਹੈ। ਸਰਹੱਦ ਨੇੜੇ ਹੋਣ ਕਾਰਨ ਕਈ ਵਾਰ ਅਜਿਹੇ ਇਲਾਕਿਆਂ ਵਿੱਚ ਗੈਂਗਸਟਰ ਜਾਂ ਅੱਤਵਾਦੀ ਗਤੀਵਿਧੀਆਂ ਦੇ ਸੰਕੇਤ ਵੀ ਮਿਲਦੇ ਰਹਿੰਦੇ ਹਨ, ਇਸ ਲਈ ਪੁਲੀਸ ਨੇ ਇਸ ਪਹਿਲੂ ਨੂੰ ਵੀ ਜਾਂਚ ਦੇ ਦਾਇਰੇ ਵਿੱਚ ਲਿਆ ਹੈ। ਪਰ ਫਿਲਹਾਲ ਅਜਿਹਾ ਕੋਈ ਸਪੱਸ਼ਟ ਸਬੂਤ ਨਹੀਂ ਮਿਲਿਆ ਜੋ ਬਾਹਰੀ ਹਮਲੇ ਵੱਲ ਇਸ਼ਾਰਾ ਕਰੇ। ਇਹ ਘਟਨਾ ਪੁਲੀਸ ਮੁਲਾਜ਼ਮਾਂ ਦੀ ਮਾਨਸਿਕ ਸਿਹਤ, ਡਿਊਟੀ ਦੇ ਦਬਾਅ ਅਤੇ ਅੰਦਰੂਨੀ ਵਿਵਾਦਾਂ ਵੱਲ ਵੀ ਧਿਆਨ ਖਿੱਚ ਰਹੀ ਹੈ।ਪੰਜਾਬ ਪੁਲੀਸ ਨੂੰ ਅਜਿਹੀਆਂ ਘਟਨਾਵਾਂ ਤੋਂ ਸਬਕ ਲੈ ਕੇ ਆਪਣੇ ਮੁਲਾਜ਼ਮਾਂ ਲਈ ਵਧੇਰੇ ਸੁਰੱਖਿਆ ਅਤੇ ਮਾਨਸਿਕ ਸਹਾਇਤਾ ਦੇ ਪ੍ਰਬੰਧ ਕਰਨੇ ਚਾਹੀਦੇ ਹਨ। ਇਸ ਘਟਨਾ ਨੇ ਇੱਕ ਵਾਰ ਫਿਰ ਸਾਹਮਣੇ ਲਿਆਂਦਾ ਹੈ ਕਿ ਕਾਨੂੰਨ ਵਿਵਸਥਾ ਦੀ ਰਾਖੀ ਕਰਨ ਵਾਲੇ ਖੁਦ ਕਿੰਨੇ ਜੋਖਮਾਂ ਵਿੱਚ ਰਹਿੰਦੇ ਹਨ। ਪਰਿਵਾਰਾਂ ਨੂੰ ਡੂੰਘਾ ਦੁੱਖ ਪਹੁੰਚਿਆ ਹੈ ਅਤੇ ਪੂਰੇ ਪੰਜਾਬ ਵਿੱਚ ਇਸ ਘਟਨਾ ਨੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਜਾਂਚ ਪੂਰੀ ਹੋਣ ਤੋਂ ਬਾਅਦ ਹੀ ਅਸਲ ਸੱਚ ਸਾਹਮਣੇ ਆ ਸਕੇਗਾ। ਇਸ ਦੌਰਾਨ ਇਲਾਕੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ ਤਾਂ ਜੋ ਹੋਰ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ।



## *ਸੰਞੋਗ* (ਗੁਰਜੀਤ ਕੌਰ ਰਾਣੂ )



ਦਿਲ ਮੋਹ ਦੀਆਂ ਤੰਦਾਂ ਦੇ ਵਿੱਚ ਫਸਾਇਆ ਹੈ,
ਇਸ਼ਕ ਤੇਰੇ ਵਿੱਚ ਸੱਜਣਾ ਬੜਾ ਦਰਦ ਕਮਾਇਆ ਹੈ,
ਮੇਰੀ ਧੜਕਣਾ ਦੇ ਵਿੱਚ ਧੜਕਦਾ ਹੈ ਤੂੰ ਯਾਰਾ,
ਆਉਂਦੇ ਜਾਂਦੇ ਸਾਹਾਂ ਨੇ ਤੇਰਾ ਨਗਮਾ ਗਾਇਆ ਹੈ,
ਫੁਰਸਤ ਦੇ ਪਲ ਵੀ ਬੜੇ ਔਖੇ ਲੰਘਦੇ,
ਹਰ ਪਲ ਚ ਤੇਰਾ ਹੀ ਚੇਤਾ ਆਇਆਂ ਹੈ,
ਸੁਗੰਧਾ ਤੇਰੀਆਂ ਆਉਣ ਮੇਰੇ ਜਿਸਮ ਚੋਂ,
ਪੌਣਾ ਨੇ ਵੀ ਤੇਰੀਆਂ ਮਹਿਕਾਂ ਨੂੰ ਫੈਲਾਇਆ ਹੈ,
ਚਾਹੁੰਦੇ ਹੋਏ ਵੀ ਨਾ ਯਾਰਾ ਮੈਂ ਬਚ ਸਕਿਆ,
ਨੈਂਣਾ ਤੇਰਿਆਂ ਨੇ ਕੈਸਾ ਤੀਰ ਚਲਾਇਆ ਹੈ,
ਧੁਰੋਂ ਹੀ ਲਿਖੇ ਹੁੰਦੇ ਸੰਞੋਗ ਇਹ ਜੋੜੀਆਂ ਦੇ,
ਰਾਣੂ ਤਾਂਹੀ ਰੱਬ ਨੇ ਮੁੱਦਤਾਂ ਬਾਅਦ ਮਿਲਾਇਆ ਹੈ ।

ਗੁਰਜੀਤ ਕੌਰ ਰਾਣੂ

## ਰੰਗਾਂ ਤੋਂ ਬਿਨ੍ਹਾਂ ਤੁਹਾਨੂੰ ਅਪਣਾਉਣ ਵਾਲੇ ਬਹੁਤ ਹੀ ਘੱਟ ਹੋਣਗੇ, ਪਰ ਸੱਚ ਹੋਣਗੇ।



ਰੰਗਾਂ ਤੋਂ ਬਿਨ੍ਹਾਂ ਤੁਹਾਨੂੰ ਅਪਣਾਉਣ ਵਾਲੇ ਬਹੁਤ ਹੀ ਘੱਟ ਹੋਣਗੇ, ਪਰ ਸੱਚ ਹੋਣਗੇ। ਕਈ ਦੋਸਤ ਤੁਹਾਡੀ ਜ਼ਿੰਦਗੀ ਵਿੱਚ ਰੰਗ ਭਰਨ ਦੀ ਕਾਬਲੀਅਤ ਰੱਖਦੇ ਹਨ। ਤੁਹਾਡੀ ਸਾਦਗੀ ਵੀ ਉਹਨਾਂ ਦੀਆਂ ਨਜ਼ਰਾਂ ਵਿੱਚ ਰੱਬ ਦਾ ਦਿੱਤਾ ਇੱਕ ਖ਼ੂਬਸੂਰਤ ਰੰਗ ਹੈ।

ਜੇ ਰੰਗ, ਸੱਜਣਾ ਸੰਵਰਨਾ, ਪਿਆਰ ਅਤੇ ਨੇੜਤਾ ਵਿੱਚ ਘਾਟਾ ਵਾਧਾ ਕਰਦਾ ਹੈ, ਤੇ ਉਹ ਪਿਆਰ ਹੈ ਹੀ ਨਹੀਂ। ਤੁਹਾਡੀ ਸੀਰਤ ਨੂੰ, ਰੂਹ ਨੂੰ ਅਤੇ ਤੁਹਾਡੀ ਸੋਚ ਨੂੰ ਪਿਆਰ ਕਰਨ ਵਾਲੇ ਹੀ ਤੁਹਾਡੇ ਅਸਲ ਸਾਥੀ ਹਨ।

ਇਹ ਬਾਕੀ ਦਾ ਫਜ਼ੂਲ ਭਾਰ ਢੋਹ ਕੇ ਤੁਸੀਂ ਕਰਨਾ ਵੀ ਕੀ ਹੈ? ਉਹਨਾਂ ਦੀ ਭਰਭੂਰ ਇੱਜ਼ਤ ਕਰੋ, ਜੋ ਤੁਹਾਨੂੰ ਉਸੇ ਤਰ੍ਹਾਂ ਕਬੂਲਦੇ ਹਨ, ਜਿਵੇਂ ਤੁਸੀਂ ਰਹਿਣਾ ਚਾਹੁੰਦੇ ਹੋ।

## ਆਪਣੇ ਆਪ ਦੀ ਭਾਲ: ਇੱਕ ਖ਼ੂਬਸੂਰਤ ਅਹਿਸਾਸ



ਅੱਜ ਦੇ ਦੌਰ ਵਿੱਚ ਅਸੀਂ ਸਾਰੇ ਇੱਕ ਅਜਿਹੀ ਦੌੜ ਵਿੱਚ ਦੌੜ ਰਹੇ ਹਾਂ ਜਿਸ ਦੀ ਕੋਈ ਮੰਜ਼ਿਲ ਸ਼ਾਇਦ ਸਾਨੂੰ ਖ਼ੁਦ ਨੂੰ ਵੀ ਪਤਾ ਨਹੀਂ। ਅਸੀਂ ਭੁੱਲ ਗਏ ਹਾਂ ਕਿ ਜ਼ਿੰਦਗੀ ਕੋਈ ਰੇਸ ਨਹੀਂ ਜਿਸ ਨੂੰ ਜਿੱਤਣਾ ਹੈ, ਸਗੋਂ ਇਹ ਤਾਂ ਇੱਕ ਸੁਰੀਲੀ ਨਜ਼ਮ ਹੈ ਜਿਸ ਨੂੰ ਰੁਕ ਕੇ ਮਹਿਸੂਸ ਕਰਨ ਦੀ ਲੋੜ ਹੈ। ਅਕਸਰ ਮੰਜ਼ਿਲਾਂ ਦੀ ਕਾਹਲੀ ਵਿੱਚ ਅਸੀਂ ਸਫ਼ਰ ਦੇ ਉਹ ਖ਼ੂਬਸੂਰਤ ਨਜ਼ਾਰੇ ਦੇਖਣੇ ਭੁੱਲ ਜਾਂਦੇ ਹਾਂ ਜੋ ਕੁਦਰਤ ਨੇ ਸਿਰਫ਼ ਸਾਡੇ ਲਈ ਸਿਰਜੇ ਹੁੰਦੇ ਹਨ। ਅਸੀਂ ਅਮੀਰੀ ਨੂੰ ਬੈਂਕ ਖਾਤਿਆਂ ਅਤੇ ਮਹਿੰਗੀਆਂ ਗੱਡੀਆਂ ਵਿੱਚ ਲੱਭਦੇ ਹਾਂ, ਜਦਕਿ ਅਸਲ ਅਮੀਰੀ ਤਾਂ ਉਸ ਸਕੂਨ ਵਿੱਚ ਹੈ ਜੋ ਦਿਨ ਭਰ ਦੀ ਮਿਹਨਤ ਤੋਂ ਬਾਅਦ ਸ਼ਾਮ ਨੂੰ ਆਪਣੇ ਪਰਿਵਾਰ ਨਾਲ ਬੈਠ ਕੇ ਮਿਲਦਾ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਦੁਨੀਆ ਨੂੰ ਦਿਖਾਉਣ ਲਈ ਜੀਣਾ ਸਭ ਤੋਂ ਵੱਡੀ ਗੁਲਾਮੀ ਹੈ; ਅਸਲ ਆਜ਼ਾਦੀ ਤਾਂ ਆਪਣੇ ਆਪ ਨੂੰ ਮਹਿਸੂਸ ਕਰਨ ਅਤੇ ਆਪਣੀ ਰੂਹ ਦੇ ਨੇੜੇ ਹੋਣ ਵਿੱਚ ਹੈ। ਕਦੇ-ਕਦੇ ਜ਼ਿੰਦਗੀ ਵਿੱਚ ਰੁਕਣਾ ਹਾਰ ਨਹੀਂ ਹੁੰਦਾ, ਸਗੋਂ ਇਹ ਆਪਣੇ ਆਪ ਨੂੰ ਮੁੜ ਲੱਭਣ ਦੀ ਇੱਕ ਖ਼ੂਬਸੂਰਤ ਸ਼ੁਰੂਆਤ ਹੁੰਦੀ ਹੈ। ਜ਼ਿੰਦਗੀ ਦੀ ਇਸ ਕਿਤਾਬ ਵਿੱਚ ਹਰ ਦਿਨ ਇੱਕ ਨਵਾਂ ਪੰਨਾ ਹੈ ਅਤੇ ਇਹ ਸਾਡੇ ਹੱਥ ਵਿੱਚ ਹੈ ਕਿ ਅਸੀਂ ਉਸ 'ਤੇ ਕੀ ਲਿਖਦੇ ਹਾਂ। ਜੇਕਰ ਅਸੀਂ ਬੀਤੇ ਹੋਏ ਕੱਲ੍ਹ ਦੇ ਦੁੱਖਾਂ ਨੂੰ ਯਾਦ ਕਰਦੇ ਰਹਾਂਗੇ, ਤਾਂ ਅਸੀਂ ਅੱਜ ਦੀ ਖ਼ੂਬਸੂਰਤ ਸਵੇਰ ਨੂੰ ਆਪਣੇ ਹੱਥੀਂ ਫ਼ਾਂਸੀ ਦੇ ਦੇਵਾਂਗੇ। ਰਿਸ਼ਤਿਆਂ ਦੀ ਗੱਲ ਕਰੀਏ ਤਾਂ ਇਹ ਸਿਰਫ਼ ਖ਼ੂਨ ਦੇ ਰਿਸ਼ਤਿਆਂ ਤੱਕ ਸੀਮਿਤ ਨਹੀਂ ਹੁੰਦੇ, ਸਗੋਂ ਉਹਨਾਂ ਲੋਕਾਂ ਨਾਲ ਹੁੰਦੇ ਹਨ ਜੋ ਮੁਸ਼ਕਿਲ ਵਕਤ ਵਿੱਚ ਤੁਹਾਡਾ ਖ਼ਿਆਲ ਰੱਖਦੇ ਹਨ। ਅੱਜ ਦੇ ਡਿਜੀਟਲ ਦੌਰ ਵਿੱਚ ਰਿਸ਼ਤਿਆਂ ਨੂੰ 'ਵਾਈ-ਫਾਈ' ਦੇ ਸਿਗਨਲਾਂ ਦੀ ਨਹੀਂ, ਸਗੋਂ ਦਿਲਾਂ ਦੀ ਗਰਮਾਹਟ ਅਤੇ ਸੱਚੇ ਵਕਤ ਦੀ ਲੋੜ ਹੈ। ਮਹਿੰਗੇ ਤੋਹਫ਼ੇ ਸ਼ਾਇਦ ਕਿਸੇ ਦੇ ਕਮਰੇ ਨੂੰ ਤਾਂ ਸਜਾ ਸਕਦੇ ਹਨ, ਪਰ ਕਿਸੇ ਦੇ ਮਨ ਵਿੱਚ ਜਗ੍ਹਾ ਬਣਾਉਣ ਲਈ ਮਿੱਠੀ ਬੋਲੀ ਅਤੇ ਹਮਦਰਦੀ ਹੀ ਕੰਮ ਆਉਂਦੀ ਹੈ। ਯਾਦ ਰੱਖੋ, ਮਾਂ ਦੀ ਗੋਦੀ ਤੇ ਪਿਓ ਦੀ ਥਾਪੀ ਦੁਨੀਆ ਦੇ ਹਰ ਪੰਜ-ਸਿਤਾਰਾ ਹੋਟਲ ਤੋਂ ਵੱਧ ਸਕੂਨ ਦਿੰਦੀ ਹੈ।

ਕਾਮਯਾਬੀ ਦੇ ਰਾਹ 'ਤੇ ਚੱਲਦਿਆਂ ਕਈ ਵਾਰ ਅਸੀਂ ਡਿੱਗਦੇ ਹਾਂ, ਪਰ ਹਾਰ ਉਦੋਂ ਨਹੀਂ ਹੁੰਦੀ ਜਦੋਂ ਅਸੀਂ ਡਿੱਗਦੇ ਹਾਂ, ਹਾਰ ਉਦੋਂ ਹੁੰਦੀ ਹੈ ਜਦੋਂ ਅਸੀਂ ਮੁੜ ਉੱਠਣ ਤੋਂ ਇਨਕਾਰ ਕਰ ਦਿੰਦੇ ਹਾਂ। ਜੇਕਰ ਅੱਜ ਹਾਲਾਤ ਮੁਸ਼ਕਿਲ ਹਨ, ਤਾਂ ਇਹ ਮੰਨ ਲਓ ਕਿ ਕੁਦਰਤ ਤੁਹਾਨੂੰ ਆਉਣ ਵਾਲੇ ਕੱਲ੍ਹ ਲਈ ਮਜ਼ਬੂਤ ਬਣਾ ਰਹੀ ਹੈ। ਆਪਣੀ ਤੁਲਨਾ ਕਦੇ ਦੂਜਿਆਂ ਨਾਲ ਨਾ ਕਰੋ, ਕਿਉਂਕਿ ਹਰ ਫੁੱਲ ਦੇ ਖਿੜਨ ਦਾ ਆਪਣਾ ਵਕਤ ਅਤੇ ਆਪਣਾ ਅੰਦਾਜ਼ ਹੁੰਦਾ ਹੈ। ਕਾਮਯਾਬੀ ਦਾ ਮਤਲਬ ਸਿਰਫ਼ ਉੱਚੇ ਅਹੁਦੇ ਪਾਉਣਾ ਨਹੀਂ, ਸਗੋਂ ਕਿਸੇ ਦੇ ਚਿਹਰੇ 'ਤੇ ਆਈ ਮੁਸਕਰਾਹਟ ਦਾ ਕਾਰਨ ਬਣਨਾ ਵੀ ਇੱਕ ਬਹੁਤ ਵੱਡੀ ਸਫ਼ਲਤਾ ਹੈ। ਇਸ ਸਫ਼ਰ ਵਿੱਚ ਗੁੱਸੇ ਵਰਗੀਆਂ ਚੀਜ਼ਾਂ ਤੋਂ ਬਚਣਾ ਜ਼ਰੂਰੀ ਹੈ, ਕਿਉਂਕਿ ਗੁੱਸਾ ਉਹ ਮਾਚਿਸ ਦੀ ਤੀਲੀ ਹੈ ਜੋ ਦੂਜੇ ਨੂੰ ਸਾੜਨ ਤੋਂ ਪਹਿਲਾਂ ਖ਼ੁਦ ਨੂੰ ਜਲਾਉਂਦੀ ਹੈ। ਅੰਤ ਵਿੱਚ, ਮਨ ਦਾ ਸਕੂਨ ਹੀ ਸਭ ਤੋਂ ਵੱਡੀ ਦੌਲਤ ਹੈ। ਜਿਸ ਦਿਨ ਅਸੀਂ 'ਸ਼ੁਕਰਾਨਾ' ਕਰਨਾ ਸਿੱਖ ਲਿਆ, ਸਾਡੀਆਂ ਅੱਧੀਆਂ ਚਿੰਤਾਵਾਂ ਆਪਣੇ ਆਪ ਮੁੱਕ ਜਾਣਗੀਆਂ। ਮਾਫ਼ ਕਰਨਾ ਸਿੱਖੋ, ਦੂਜਿਆਂ ਲਈ ਨਹੀਂ, ਸਗੋਂ ਆਪਣੇ ਮਨ ਦੀ ਸ਼ਾਂਤੀ ਲਈ। ਸਬਰ ਇੱਕ ਅਜਿਹੀ ਸਵਾਰੀ ਹੈ ਜੋ ਤੁਹਾਨੂੰ ਕਦੇ ਡਿੱਗਣ ਨਹੀਂ ਦੇਵੇਗੀ। ਲੋਕਾਂ ਦੀਆਂ ਗੱਲਾਂ ਦੀ ਪਰਵਾਹ ਕਰਨੀ ਛੱਡ ਦਿਓ, ਕਿਉਂਕਿ ਉਹਨਾਂ ਦਾ ਕੰਮ ਬੋਲਣਾ ਹੈ ਅਤੇ ਤੁਹਾਡਾ ਕੰਮ ਆਪਣੀ ਜ਼ਿੰਦਗੀ ਨੂੰ ਪੂਰੀ ਸ਼ਿੱਦਤ ਨਾਲ ਜੀਣਾ ਹੈ। ਵਕਤ ਹਰ ਜ਼ਖ਼ਮ ਨੂੰ ਭਰ ਦਿੰਦਾ ਹੈ, ਬੱਸ ਵਕਤ ਨੂੰ ਥੋੜ੍ਹਾ ਜਿਹਾ 'ਵਕਤ' ਦੇਣ ਦੀ ਲੋੜ ਹੁੰਦੀ ਹੈ। ਸਾਦਾ ਜੀਵਨ, ਉੱਚੇ ਵਿਚਾਰ ਅਤੇ ਮਨ ਵਿੱਚ ਸਭ ਲਈ ਮੁਹੱਬਤ—ਇਹੀ ਉਹ ਰਸਤਾ ਹੈ ਜੋ ਸਾਨੂੰ ਇੱਕ ਸਾਰਥਕ ਅਤੇ ਖ਼ੂਬਸੂਰਤ ਜ਼ਿੰਦਗੀ ਵੱਲ ਲੈ ਕੇ ਜਾਂਦਾ ਹੈ। ਅਸਲ ਬਾਦਸ਼ਾਹ ਉਹ ਨਹੀਂ ਜਿਸ ਕੋਲ ਤਾਜ ਹੈ, ਸਗੋਂ ਉਹ ਹੈ ਜਿਸ ਦੇ ਮਨ ਵਿੱਚ ਕਿਸੇ ਲਈ ਕੋਈ ਵੈਰ-ਵਿਰੋਧ ਨਹੀਂ ਅਤੇ ਜੋ ਹਰ ਹਾਲ ਵਿੱਚ ਮੁਸਕਰਾਉਣਾ ਜਾਣਦਾ ਹੈ।

ਸਨਦੀਪ ਸਿੱਧੂ - 9463661542

## ਆਪ ਸਾਢੇ ਕੁ ਤਿੰਨ ਸਾਲ..ਜਦੋਂ ਮਾਂ ਮੁੱਕ ਗਈ..ਰਿਸ਼ਤੇਦਾਰੀ ਨੇ ਜ਼ੋਰ ਪਾ ਬਾਪ ਵਿਆਹ ਦਿੱਤਾ..ਫੇਰ ਇੱਕ ਹੋਰ ਵੀਰ ਹੋ ਪਿਆ..ਚੰਗੀ ਕਿਸਮਤ..ਨਵੀਂ ਆਈ ਨੇ ਸੱਕੀਆ ਤੋਂ ਵੀ ਵੱਧ ਮੋਹ ਪਿਆਰ ਦਿੱਤਾ..!



ਆਪ ਸਾਢੇ ਕੁ ਤਿੰਨ ਸਾਲ..ਜਦੋਂ ਮਾਂ ਮੁੱਕ ਗਈ..ਰਿਸ਼ਤੇਦਾਰੀ ਨੇ ਜ਼ੋਰ ਪਾ ਬਾਪ ਵਿਆਹ ਦਿੱਤਾ..ਫੇਰ ਇੱਕ ਹੋਰ ਵੀਰ ਹੋ ਪਿਆ..ਚੰਗੀ ਕਿਸਮਤ..ਨਵੀਂ ਆਈ ਨੇ ਸੱਕੀਆ ਤੋਂ ਵੀ ਵੱਧ ਮੋਹ ਪਿਆਰ ਦਿੱਤਾ..!

ਥੋੜਾ ਵੱਡਾ ਹੋਇਆ..ਜਿੰਦੇ ਸੁੱਖੇ ਵਾਲੇ ਸ਼ਹਿਰ ਪੂਨੇ ਲਾਅ ਕਾਲਜ ਦਾਖਿਲਾ ਲੈ ਲਿਆ..ਲੋਕ ਪੁੱਛਿਆ ਕਰਨ ਵਕੀਲ ਬਣਨ ਦਾ ਇਰਾਦਾ..ਅੱਗੋਂ ਹੱਸ ਪਿਆ ਕਰੇ..ਵਕੀਲੀ ਮੇਰੀ ਮੰਜਿਲ ਨਹੀਂ..!

ਕੇਰਾਂ ਚਾਚਾ ਜੀ ਮਿਲਣ ਚਲਾ ਗਿਆ..ਅੱਗੋਂ ਮਹਿੰਗੇ ਇਲਾਕੇ ਵਿਚ ਤਿੰਨ ਕਮਰਿਆਂ ਵਾਲਾ ਘਰ..ਸ਼ੱਕ ਹੋਇਆ..ਨਾ ਤੇ ਘਰੋਂ ਪੈਸੇ ਮੰਗਵਾਏ..ਨਾ ਕੋਈ ਹੋਰ ਸਾਧਨ..ਫੇਰ ਏਡਾ ਮਹਿੰਗਾ ਸਿਲਸਿਲਾ ਕਿੱਦਾਂ..ਕਿਧਰੇ ਗਲਤ ਕੰਮਾਂ ਵਿੱਚ ਹੀ ਨਾ ਪੈ ਗਿਆ ਹੋਵੇ..?

ਘੋਖ ਕੱਢੀ..ਪਾਰ੍ਟ ਟਾਈਮ ਮਾਡਲਿੰਗ ਕਰਦਾ ਸੀ..ਕੰਸੋਵਾ ਹੋਣ ਲੱਗੀਆਂ..ਇਹ ਪੱਕਾ ਮਾਡਲ ਬਣੂੰ..ਪਰ ਅੱਗਿਓਂ ਫੇਰ ਹੱਸ ਪਿਆ ਅਖ਼ੇ ਮਾਡਲਿੰਗ ਮੇਰੀ ਮੰਜਿਲ ਹੈਨੀ!

ਅਗਲੇ ਦਿਨ ਚਾਚੇ ਜੀ ਨੂੰ ਕਾਲਜ ਲੈ ਗਿਆ..ਅੱਗਿਓਂ ਪ੍ਰਿੰਸੀਪਲ ਆਖਣ ਲੱਗਾ ਇਹ ਮੁੰਡਾ ਲੰਮੀਂ ਕਾਠੀ ਵਾਲਾ ਅਰਬੀ ਘੋੜਾ..ਤਰਾਸ਼ਿਆ ਹੋਇਆ ਹੀਰਾ..ਬਾਸਕਿਟਬਾਲ ਵਧੀਆ ਖੇਡਦਾ..ਇਸਨੂੰ ਆਖੋ ਇਸੇ ਕਾਲਜ ਹੀ ਰਹਿ ਜਾਵੇ..!

ਕਈਆਂ ਅੰਦਾਜੇ ਲਾਏ..ਪੱਕਾ ਖਿਡਾਰੀ ਬਣੂੰ..ਅੱਗਿਓਂ ਫੇਰ ਹੱਸ ਕੇ ਵਿਖਾ ਦਿੱਤਾ..ਅਖ਼ੇ ਖੇਡਾਂ ਵੀ ਮੇਰੀ ਮੰਜਿਲ ਨਹੀਂ..!

ਫੇਰ ਚੁੱਪ ਚੁਪੀਤੇ ਇੰਗਲੈਂਡ ਯੂਨੀਵਰਸਿਟੀ ਦਾਖਿਲਾ ਲੈ ਲਿਆ..ਇਸ ਵੇਰ ਜਾਣਕਾਰ ਸ਼ੰਕਾ ਪ੍ਰਕਟ ਕਰਨ ਲੱਗੇ..ਹੁਣ ਤਾਂ ਪੱਕਾ ਵਿਦੇਸ਼ ਵਿਚ ਹੀ ਵੱਸੂ..!

ਪਰ ਇਸ ਵੇਰ ਫੇਰ ਗੱਲ ਗੋਲ ਮੋਲ ਜਿਹੀ ਕਰ ਗਿਆ ਅਖ਼ੇ ਸੱਤ ਸਮੁੰਦਰ ਪਾਰ ਦੀ ਧਰਤੀ ਮੇਰੀ ਮੰਜਿਲ ਨਹੀਂ..!

ਫੇਰ ਵਾਪਿਸ ਬੰਬਈ ਪਰਤ ਹਰੀਸ਼ ਸਾਲਵੇ ਨਾਮ ਦੇ ਵੱਡੇ ਵਕੀਲ ਨਾਲ ਪ੍ਰੈਕਟਿਸ ਸ਼ੁਰੂ ਕਰ ਦਿੱਤੀ..ਹੁਣ ਅੰਦਾਜੇ ਯਕੀਨ ਵਿਚ ਬਦਲ ਗਏ..ਬਹਿਸਾਂ ਛਿੜ ਪਈਆਂ..ਸੁਪ੍ਰੀਮ ਕੋਰਟ ਦੇ ਗਲਿਆਰਿਆਂ ਵਿਚ ਤਕੜੇ ਨੋਟ ਛਾਪੇਗਾ..!

ਅੱਗਿਓਂ ਇਸ ਵੇਰ ਫੇਰ ਓਹੀ ਘਸਿਆ-ਪਿਟਿਆ ਜਵਾਬ..ਪੈਸੇ ਮੇਰੀ ਮੰਜਿਲ ਨਹੀਂ!

ਫੇਰ ਫਿਲਮੀਂ ਸੀਰੀਅਲ ਵਾਲੀ ਏਕਤਾ ਕਪੂਰ ਦੇ ਰਾਹੀਂ ਸਾਹਨੇਵਾਲ ਵਾਲਿਆਂ ਦੇ ਸੰਪਰਕ ਵਿਚ ਆਇਆ..ਓਹਨਾ ਤੀਜਾ ਪੁੱਤ ਬਣਾ ਲਿਆ..ਆਖਣ ਲੱਗੇ ਸਾਡੇ ਪੁੱਤ ਨੇ ਪੰਜਾਬੋਂ ਚੋਣ ਲੜਨੀ ਏ..ਇਸਦਾ ਖਿਆਲ ਰਖੀਂ..ਇਹ ਭੋਲਾ ਪੰਛੀ ਅੱਗਿਓਂ ਝੱਟ ਮੰਨ ਗਿਆ..ਫੇਰ ਦਿੱਲੀਓਂ ਆਏ ਵੱਡੇ ਰਾਜਸੀ ਲੋਕਾਂ ਨਾਲ ਮੀਟਿੰਗ ਹੋਈ..ਹੁਣ ਕਈਆਂ ਪੱਥਰ ਤੇ ਲਕੀਰ ਵਾਹ ਦਿੱਤੀ..ਇਹ ਪੱਕਾ ਰਾਜਨੀਤੀ ਵਿਚ ਤੇ ਜਾਂ ਫੇਰ ਫ਼ਿਲਮਾਂ ਵਿਚ ਜਾਊ..!

ਅੱਗਿਓਂ ਮੰਜਿਲ ਵਾਲੀ ਓਹੀ ਗੱਲ ਆਖ ਘੱਟੇ-ਕੌਡੀਆਂ ਰਲਾ ਦਿੱਤੀ..!

ਇਸੇ ਮੀਟਿੰਗ ਵਿਚ ਕਿਸੇ ਨੇ ਤੀਰ ਵਾਲੇ ਬਾਬੇ ਬਾਰੇ ਕੁਝ ਮਾੜਾ ਆਖ ਦਿੱਤਾ..ਉਸ ਨਾਲ ਹਥੋਪਾਈ ਹੋ ਪਿਆ..ਅਗਲਿਆਂ ਨੇ ਅੰਦਰਲਾ ਕਰੰਟ ਅਤੇ ਜਹਿਰ ਭਾਂਪ ਲਿਆ..ਫੇਰ ਵੇਲੇ-ਕੁਵੇਲੇ ਵਰਤਣ ਲਈ ਕੁਝ ਫੋਟੋਆਂ ਖਿੱਚ ਲਈਆਂ..!

ਸਿੰਘੂ ਟੀਕਰੀ ਲਾਲ ਕਿਲੇ ਦੀ ਫਸੀਲ ਅਤੇ ਹੋਰ ਵੀ ਕਿੰਨਾ ਕੁਝ ਟੱਪਦੇ ਹੋਏ ਨੂੰ ਆਪਣੀ ਮੰਜਿਲ ਥੋੜੀ ਸਾਫ-ਸਾਫ ਦਿਸਣ ਲੱਗ ਪਈ..!

ਛੱਬੀ ਜਨਵਰੀ ਵਾਲੇ ਇਤਿਹਾਸਿਕ ਬਿਰਤਾਂਤ ਪਿੱਛੋਂ ਹੋਈ ਗ੍ਰਿਫਤਾਰੀ ਮਗਰੋਂ ਪੁਲਸ ਗੱਡੀ ਵਿਚ ਤਿਹਾੜ ਜੇਲ ਵੱਲ ਜਾਂਦਿਆਂ ਨਾਲ ਤੁਰੇ ਜਾਂਦੇ ਸੌ ਕੂ ਦੇ ਕਰੀਬ ਚੈਨਲਾਂ ਵਾਲਿਆਂ ਵਿਚੋਂ ਇੱਕ ਦੀ ਗੱਡੀ ਕਿਸੇ ਸਕੂਟਰ ਵਾਲੇ ਵਿਚ ਜਾ ਵੱਜੀ..ਹਮਾਤੜ ਨੂੰ ਕੁੱਟੀ ਜਾਣ ਤੇ ਨਾਲੇ ਆਖੀ ਜਾਣ..ਤੈਨੂੰ ਨਹੀਂ ਪਤਾ ਕਿੱਡੇ ਵੱਡੇ ਅੱਤਵਾਦੀ ਨੂੰ ਕਵਰ ਕਰ ਰਹੇ ਹਾਂ..ਤੇਰੀ ਹਿੰਮਤ ਕਿੱਦਾਂ ਹੋਈ ਸਾਡੇ ਰਾਹ ਅੱਗੇ ਆਉਣ ਦੀ..!

ਏਨੀ ਗੱਲ ਸੁਣ ਜਾਲੀ ਵਾਲੇ ਵਾਹਨ ਅੰਦਰ ਬੈਠਿਆਂ ਮੰਜਿਲ ਵਾਲੇ ਸ਼ੀਸ਼ੇ ਤੇ ਜੰਮੀਂ ਬਾਕੀ ਦੀ ਧੂੜ ਵੀ ਲਹਿ ਗਈ..ਸਭ ਕੁਝ ਸਾਫ ਸਾਫ ਦਿਸਣ ਲੱਗ ਪਿਆ..!

ਪਰ ਇਸ ਚੜਾਈ ਤੋਂ ਕਿੰਨੇ ਸਾਰੇ ਆਪਣੇ ਡਰ ਗਏ..ਚਾਲੀ ਸਾਲ ਦਾ ਤਜੁਰਬਾ ਵੀ ਬੁਰੀ ਤਰਾਂ ਸਹਿਮ ਗਿਆ..ਇਹ ਕੌਣ ਆ ਗਿਆ ਬਣੀ ਬਣਾਈ ਖੀਰ ਤੇ ਸਵਾਹ ਭੁੱਕਣ..ਕੁਝ ਨਾ ਕੁਝ ਤੇ ਕਰਨਾ ਪੈਣਾ..ਫੇਰ ਬੰਬਈ ਅਤੇ ਰਾਜਨੀਤੀ ਦੇ ਗਲਿਆਰੇ ਅੰਦਰ ਖਿੱਚੀਆਂ ਫੋਟੋਆਂ ਕੰਮ ਆਈਆਂ..ਹਮਾਤੜ ਨੂੰ ਸਪਸ਼ਟੀਕਰਣਾ ਅਤੇ ਸਫਾਈਆਂ ਦੀ ਸੁਨਾਮੀ ਅੰਦਰ ਉਲਝਾ ਦਿਤਾ..!

ਫੇਰ ਸੰਘਰਸ਼ ਦੇ ਕੁਝ ਸੁਹਿਰਦ ਸਮਕਾਲੀਆਂ ਨਾਲ ਮਿਲਾਪ ਹੋਇਆ..ਠੀਕ ਓਦਾਂ ਜਿੱਦਾਂ ਚਾਰ ਦਹਾਕੇ ਪਹਿਲੋਂ ਜਰਨਲ ਸ਼ੁਬੇਗ ਸਿੰਘ ਅਤੇ ਤੀਰ ਵਾਲੇ ਬਾਬੇ ਦਾ ਹੋਇਆ ਸੀ..!

ਇਮਾਨਦਾਰ ਸੋਚ ਨੂੰ ਤਸੱਲੀ ਹੋਈ ਚਲੋ ਕੋਈ ਤੇ ਮਿਲਿਆ ਅਣਮੁੱਲੀ ਵਿਰਾਸਤ ਸੰਭਾਲਣ ਵਾਲਾ..ਪਰ ਬੜੀ ਥੋੜ ਚਿਰੀ ਸਾਬਤ ਹੋਈ ਇਹ ਖੁਸ਼ੀ..ਇਹ ਤਸੱਲੀ..ਇੱਕ ਕਾਲੀ ਬੋਲੀ ਰਾਤ ਨੂੰ ਬਿੱਪਰ ਦੀ ਛੁਰੀ ਆਪਣਾ ਕਹਿਰ ਵਰਤਾਅ ਚੁਕੀ ਸੀ..ਫੇਰ ਕੁਜੇ ਦੀ ਸਵਾਹ ਬਣਨ ਲਈ ਮੰਜੇ ਤੇ ਅਡੋਲ ਪਏ ਨੂੰ ਸਾਰੀ ਕੌਮ ਨੇ ਚੁੰਮਿਆ..

ਕੁਝ ਜ਼ਾਰੋ ਜਾਰ ਰੋ ਪਏ ਤੇ ਕੁਝ ਪੱਥਰ ਵਾਂਙ ਖਮੋਸ਼..ਸ਼ਾਇਦ ਸੁਖ ਵੇਲੇ ਸ਼ੁਕਰਾਨਾਂ ਤੇ ਦੁੱਖ ਵੇਲੇ ਅਰਦਾਸ ਵਾਲੇ ਸਿਧਾਂਤ ਨੂੰ ਚੇਤੇ ਕਰ ਲਿਆ ਸੀ..!

ਕਈ ਅਜੇ ਤੀਕਰ ਵੀ ਟਿੱਚਰ ਕਰਨੋਂ ਨੀ ਹਟਦੇ..ਸੜਕ ਹਾਦਸੇ ਵਿਚ ਤੁਰ ਗਿਆ ਭਲਾ ਸ਼ਹੀਦ ਕਿੱਦਾਂ ਬਣ ਗਿਆ..?

ਦੱਸ ਦੇਈਏ ਕੇ ਹਰ ਉਹ ਆਤਮਾਂ ਜਿਸਨੂੰ ਕੌਮੀ ਮੰਜਿਲ ਸਾਫ ਸਾਫ ਦਿਸਣ ਲੱਗ ਪਈ ਹੋਵੇ..ਭਾਵੇਂ ਹਾਦਸੇ ਵਿਚ ਮੁਕਾਈ ਹੋਵੇ ਤੇ ਭਾਵੇਂ ਬੰਬਾਂ ਗੋਲੀਆਂ ਵਾਲੇ ਦੁਨਿਆਵੀ ਮੁਕਾਬਲੇ ਵਿਚ..ਸਦੀਵੀਂ ਸ਼ਹੀਦ ਹੀ ਅਖਵਾਏਗੀ..!

ਉਸਦੀ ਬੈਂਗਣੀ ਰੰਗ ਨਾਲ ਢੱਕੀ ਦੇਹ ਨੂੰ ਚੇਤੇ ਕਰ ਹਰ ਮੁਖਾੜ ਬਿੰਦ ਵਿਚੋਂ ਬੱਸ ਏਹੀ ਗੱਲ ਹੀ ਨਿੱਕਲੇਗੀ..ਸ਼ਾਹ ਮੁਹੰਮਦਾਂ ਪੈਂਣਗੇ ਵੈਂਣ ਡੂੰਘੇ..ਪੁੱਤ ਪੰਜਾਬ ਦਾ ਚਿਖਾ ਤੇ ਸੌਣ ਲੱਗਾ!

ਹਰਪ੍ਰੀਤ ਸਿੰਘ ਜਵੰਦਾ

## ਕਿਸੇ ਵੀ ਉਮਰ ਵਿੱਚ ਹੋ ਸਕਦਾ ਹੈ ਹਰਨੀਆ (ਡਾਕਟਰ ਅਜੀਤਪਾਲ ਸਿੰਘ ਐਮ ਡੀ)



ਜਦ ਪੇਟ ਦੇ ਅੰਦਰੂਨੀ ਅੰਗ ਜਾਂ ਅੰਗਾਂ ਦਾ ਕੁਝ ਹਿੱਸਾ ਜਨਮ ਤੋਂ ਬਣੇ ਹੋਏ ਸੁਰਾਖ (ਇੰਟਰਨਲ ਇਨਗੁਆਈਨਲ ਰਿੰਗ,ਧੁੰਨੀ ਆਦਿ) ਜਾਂ ਕਮਜ਼ੋਰ ਬਣੇ ਹਿੱਸੇ ਚੋਂ ਬਾਹਰ ਨਿਕਲ ਕੇ ਗੰਢ ਵਰਗੀ ਬਣਤਰ ਬਣਾਵੇ ਤਾਂ ਇਸਨੂੰ ਹਰਨੀਆਂ ਕਿਹਾ ਜਾਂਦਾ ਹੈ । ਇਸ ਵਿੱਚ ਜਿਆਦਾਤਰ ਅੰਤੜੀਆਂ ਜਾਂ ਓਮੈਂਟਮ ਹੇਠਾਂ ਆਉਂਦਾ ਹੈ । ਪੇਡੂ ਵਾਲੇ ਹਰਨੀਆ ਵਿੱਚ ਅੰਤੜੀਆਂ ਜਾਂ ਓਮੈਂਟਿਮ ਤੋਂ ਇਲਾਵਾ ਪੇਸ਼ਾਬ ਵਾਲੇ ਬਲੈਡਰ ਦਾ ਹਿੱਸਾ ਅਪੈਂਡੇਕਸ,ਔਰਤਾਂ ਚ ਉਵਰੀ (ਅੰਡੇਦਾਨੀ), ਫੈਲੋਪੀਅਨ ਟੀਊਬ ਵੀ ਆ ਸਕਦੇ ਹਨ । ਜ਼ਿਆਦਾਤਰ ਹਰਨੀਆ ਸ਼ਰੀਰ ਦੇ ਬਾਹਰੀ ਹਿਸਿਆਂ (ਪੇਡੂ,ਧੁਨੀ) ਵਿੱਚ ਹੁੰਦਾ ਹੈ । ਇਹ ਸਰੀਰ ਦੇ ਅੰਦਰ ਅੰਦਰ ਵੀ ਹੋ ਸਕਦਾ ਹੈ ।

ਹਰਨੀਆ ਕਿਸੇ ਵੀ ਉਮਰ ਵਿੱਚ ਹੋ ਸਕਦਾ ਹੈ ।

ਪੇਡੂ ਦਾ ਹਰਨੀਆਂ/ਇਨਗੋਇਨਲ ਹਰਨੀਆਂ : ਇਹ 5 ਤੋਂ 15 ਫੀਸਦੀ ਨੌਜਵਾਨਾਂ ਚ ਪਾਇਆ ਜਾਂਦਾ ਹੈ । ਉਮਰ ਦੇ ਨਾਲ ਇਸ ਦੀ ਫੀਸ ਦੀ ਵੱਧਦੀ ਜਾਂਦੀ ਹੈ । ਅੱਧੇ ਬਜ਼ੁਰਗ ਇਸ ਨਾਲ ਪ੍ਰਸ਼ਾਨ ਰਹਿੰਦੇ ਹਨ । ਮਰਦਾਂ ਚ ਔਰਤਾਂ ਨਾਲੋਂ ਇਹ ਵੀਹ ਗੁਣਾ ਵੱਧ ਹੁੰਦਾ ਹੈ ।

ਹਰੀਆਂ ਹੁੰਦਾ ਹੀ ਕਿਉਂ ਹੈ ?

ਹਰੀਆਂ ਬਣਨ ਦੇ ਬਹੁਤ ਸਾਰੇ ਕਾਰਨ ਇੱਕੋ ਵੇਲੇ ਕੰਮ ਕਰਦੇ ਹਨ । ਮੁੱਖ ਕਾਰਨ ਹੇਠ ਲਿਖੇ ਹਨ :

(1) ਪੇਟ ਅੰਦਰ ਦਬਾਅ ਬਣਾਉਣ ਵਾਲੇ ਕਾਰਨ :

ਜਿਵੇਂ ਵਾਰ-ਵਾਰ ਖੰਘਣਾ,ਚੀਕਣਾ,ਕਬਜ ਹੋਣੀ,ਪੇਸ਼ਾਬ ਚ ਰੁਕਾਵਟ ਹੋਣਾ,ਜਿਆਦਾ ਬੱਚੇ ਪੈਦਾ ਕਰਨਾ,ਪੇਟ ਦਾ ਵਧਣਾ,ਕੈਂਸਰ,ਪੋਰਟਲ ਸ਼ਿਰਾਵਾਂ ਚ ਦਬਾਅ ਵਧਣਾ ਆਦਿ ।

(2) ਖੰਗਦੇ ਜਾਂ ਕਸਰਤ ਕਰਦੇ ਸਮੇਂ ਪੇਟ ਚ ਦਬਾਅ ਵੱਧਦਾ ਹੈ ਅਤੇ ਪੇਟ ਦੀਆਂ ਅੰਤੜੀਆਂ,ਅਮੈਂਟਸ ਸਰੀਰ ਦੇ ਕਮਜ਼ੋਰ ਹਿੱਸਿਆਂ ਇੰਟਰਨਲ ਇਨਗੋਇਨਲ ਰਿੰਗ,ਟਰਾਂਸਵਰਸਿਸ ਫੇਸੀਆ ਤੋਂ ਬਾਹਰ ਨਿਕਲ ਸਕਦੇ ਹਨ,ਪਰ ਇਸ ਦੇ ਨਾਲ ਹੀ ਸ਼ਰੀਰ ਦੀ ਰਖਿਆਕ ਪ੍ਰਣਾਲੀ ਕੰਮ ਕਰਦੀ ਹੈ । ਇਸ ਚ ਇਨਗੁਆਈਨਲ ਮਾਸਪੇਸ਼ੀਆਂ (ਇੱਕਸਟਰਨਲ ਆਬਿਲਕ, ਇੰਟਰਨਲ ਆਬਿਲਕ ਟਰਾਂਸਵਰਸਿਸ) ਸੁੰਗੜ ਕੇ ਇੱਕ ਪ੍ਰਕਾਰ ਦੀ ਸ਼ਟਰ ਪ੍ਰਣਾਲੀ ਰਾਹੀਂ ਕਮਜ਼ੋਰ ਹਿੱਸਿਆਂ ਨੂੰ ਢਕ ਲੈਂਦੀ ਹੈ,ਜਿਸ ਨਾਲ ਹਰਨੀਆਂ ਨਹੀਂ ਹੁੰਦਾ ਪਰ ਵੱਖ-ਵੱਖ ਕਾਰਨਾਂ ਨਾਲ ਸ਼ਟਰ ਪ੍ਰਣਾਲੀ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਜਾਂਦੀਆਂ ਹਨ ਜਾਂ ਟੁੱਟਦੀਆਂ ਹਨ । ਵਧਦੀ ਉਮਰ,ਘੱਟ ਸ਼ਰੀਰਕ ਕਸਰਤ,ਮੋਟਾਪਾ, ਬਿਮਾਰੀ ਜਾਂ ਆਪਰੇਸ਼ਨ ਨਾਲ ਸਰੀਰ ਦਾ ਵਜਨ ਘਟਨਾ ਆਦਿ ਇੰਡਾਇਰੈਕਟ ਇਨਗੋਇੰਨਲ ਹਰਨੀਆ ਚ ਜਨਮ ਤੋਂ ਹੀ ਬਣੀ ਹੋਈ ਥੈਲੀ ( ਪਟੈਂਟ ਪ੍ਰੋਸੈਸਿਸ ਵੇਜਾਈਨੇਲਿਸ) ਵੀ ਇੱਕ ਕਾਰਨ ਹੁੰਦਾ ਹੈ ।

ਲੱਛਣ ਅਤੇ ਪਹਿਚਾਣ:

ਇਹ ਸ਼ੁਰੂ ਚ ਹੌਲੀ ਹੌਲੀ ਵਧਦਾ ਹੈ । ਇਸ ਕਾਰਨ ਥੋੜੀ ਬਹੁਤੀ ਪ੍ਰੇਸ਼ਾਨੀ ਹੁੰਦੀ ਹੈ । ਸਿਰਫ ਖੰਘਣ ਜਾਂ ਜੋਰ ਲਾਉਣ ਤੇ ਪੇਡੂ ਚ ਉਭਾਰ ਦਿਸਦਾ ਹੈ,ਜੋ ਸ਼ਰੀਰ ਨੂੰ ਢਿੱਲਾ ਛੱਡਦਿਆਂ ਹੀ ਗਾਇਬ ਹੋ ਜਾਂਦਾ ਹੈ। ਹਰਨੀਆਂ ਦੀ ਗੰਢ ਹੋਰ ਵਧਣ ਪਿੱਛੋਂ ਗੰਢ ਆਪਣੇ ਆਪ ਅੰਦਰ ਨਹੀਂ ਜਾਂਦੀ ਹੈ । ਮਰੀਜ਼ ਲੇਟ ਕੇ ਖੁਦ ਆਪਣੇ ਹੱਥਾਂ ਨਾਲ ਦਬਾ ਕੇ ਆਪਣੇ ਤਰੀਕੇ ਨਾਲ ਇਸਨੂੰ ਅੰਦਰ ਕਰਦਾ ਹੈ । ਇਹਨਾਂ ਸਾਰਿਆਂ ਨੂੰ ਰੀਡੂਸੀਬਲ ਹਰਨੀਆ ਕਹਿੰਦੇ ਹਨ । ਹਰਨੀਆ ਚ ਅੰਤੜੀਆਂ ਮੁਲਾਇਮ ਹੁੰਦੀਆਂ ਹਨ ਅਤੇ ਗੁੜਗੁੜ ਦੀ ਆਵਾਜ਼ ਕਰਦੀਆਂ ਅੰਦਰ ਜਾਂਦੀਆਂ ਹਨ ਅਤੇ ਇਸ ਵਿੱਚ ਸਟੈਥੋਸਕੋਪ ਨਾਲ ਅੰਤੜੀਆਂ ਦੀ ਗਤੀ ਸੁਣਾਈ ਦਿੰਦੀ ਹੈ। ਓਮੈਂਟਿਮ ਵੀ ਮੁਲਾਇਮ ਹੀ ਹੁੰਦਾ ਹੈ । ਇਸਦਾ ਆਖਰੀ ਹਿੱਸਾ ਮੁਸ਼ਕਿਲ ਨਾਲ ਅੰਦਰ ਜਾਂਦਾ ਹੈ । ਇਸ ਵਿੱਚ ਪੇਰੀਸਟਾਲਸਿਸ ਨਹੀਂ ਹੁੰਦੀ । ਲੰਮੇ ਅਰਸੇ ਪਿੱਛੋਂ ਹਰਨੀਆਂ ਦੀ ਗੰਢ ਚ ਅੰਤੜੀਆਂ,ਓਮੈਂਟਮ ਆਪਸ ਵਿੱਚ ਚਿਪਕ ਜਾਂਦੇ ਹਨ । ਇਹ ਦਬਾਉਣ ਤੇ ਵੀ ਛੋਟਾ ਨਹੀਂ ਹੁੰਦਾ ਇਸ ਨੂੰ ਇਰ-ਰਿਡੂਸੀਬਲ ਹਰਨੀਆਂ ਕਹਿੰਦੇ ਹਨ ।

ਸਟਰੈਂਗੂਲੇਸ਼ਨ-ਜਾਨਲੇਵਾ ਖਤਰਾ:

ਹਰਨੀਆ ਦੀ ਥੈਲੀ ਚ ਆ ਰਹੀਆਂ ਅੰਤੜੀਆ,ਓਮੈਂਟਮ ਆਦਿ ਹਰਨੀਆਂ ਦੇ ਸੁਰਾਖ ਤੇ ਅਚਾਨਕ ਦਬਾਅ ਪਾਉਣ ਨਾਲ ਜਕੜ (ਸਟਰੈਂਗਲੇਸ਼ਨ) ਲਏ ਜਾਂਦੇ ਹਨ । ਜੇ ਇਹ ਅਵਸਥਾ ਜਾਰੀ ਰਹਿੰਦੀ ਹੈ ਤਾਂ ਅੰਤੜੀਆਂ ਓਮੈਂਟਮ ਦੀ ਬਲੱਡ ਸਪਲਾਈ (ਪਹਿਲਾਂ ਸ਼ੇਰਾਵਾਂ ਦੇ ਦਬਾਅ ਚ ਧਮਣੀਆਂ) ਬੰਦ ਹੋ ਸਕਦੀ ਹੈ । ਇਸ ਨਾਲ ਗੈਂਗਰੇਨ ਹੋ ਸਕਦਾ ਹੈ । ਇਸ ਰੁਕਾਵਟ ਚ ਕੀਟਾਣੂਆਂ ਦੇ ਵਾਧੇ ਨਾਲ ਜਹਿਰੀਲੇ ਪਦਾਰਥ (ਟੌਕਸਿੰਨ) ਬਣਦੇ ਹਨ । ਅੰਤੜੀਆਂ ਬੰਦ ਹੋ ਜਾਂਦੀਆਂ ਹਨ ਅਤੇ ਇਸ ਵਧੀ ਹੋਈ ਇਨਫੈਕਸ਼ਨ ਕਰਕੇ ਪੈਰੀਟੋਨਾਈਟਸ ਹੋ ਜਾਂਦੀ ਹੈ । ਜਿਸ ਨਾਲ ਜ਼ਿੰਦਗੀ ਖਤਰੇ ਚ ਪੈਂ ਜਾਂਦੀ ਹੈ । ਸਟਰੇਗੂਲੇਸ਼ਨ ਜਿੰਨਾ ਪੁਰਾਣਾ ਹੋਵੇ,ਉਨਾਂ ਦੀ ਮੌਤ ਦਾ ਡਰ ਵੱਧ ਹੋਵੇਗਾ ।

ਆਪਰੇਸ਼ਨ ਕਦੋਂ ਕੀਤਾ ਜਾਂਦਾ ਹੈ ?

ਮਰੀਜ਼ ਦੀ ਸਿਗਰਟਨੋਸ਼ੀ ਕੁਝ ਦਿਨ ਪਹਿਲਾਂ ਵੀ ਬੰਦ ਕਰ ਦਿੱਤੀ ਜਾਂਦੀ ਹੈ। ਮੋਟੇ ਆਦਮੀ ਦਾ ਵਜ਼ਨ ਘਟਾਇਆ ਜਾਂਦਾ ਹੈ । ਹਿਰਦੇ, ਫੇਫੜਿਆਂ ਤੇ ਗੁਰਦਿਆਂ ਆਦਿ ਦੀ ਜਾਂਚ ਆਮ ਤੌਰ ਤੇ ਹੀ ਅਪਰੇਸ਼ਨ ਤੋਂ ਪਹਿਲਾਂ ਕੀਤੀ ਜਾਂਦੀ ਹੈ । ਮਰੀਜ਼ ਜੇ ਹਾਈ ਬਲੱਪ੍ਰੈਸ਼ਰ,ਡਾਇਬਟੀਜ਼ ਨਾਲ ਗ੍ਰਸਤ ਹੋਵੇ ਤਾਂ ਉਸਨੂੰ ਪਹਿਲਾਂ ਕੰਟਰੋਲ ਕੀਤਾ ਜਾਂਦਾ ਹੈ । ਜੇ ਉਕਤ ਬਿਮਾਰੀਆਂ ਪੂਰੀ ਤਰ੍ਹਾਂ ਕੰਟਰੋਲ ਚ ਨਹੀਂ ਹਨ ਤਾਂ ਉਹਨਾਂ ਦਾ ਇਲਾਜ ਨਾਲ ਵੱਧ ਤੋਂ ਵੱਧ ਸੰਭਵ ਕੰਟਰੋਲ ਕਰਕੇ ਆਪਰੇਸ਼ਨ ਕਰ ਦਿੱਤਾ ਜਾਂਦਾ ਹੈ । ਸੈਟਰੈਗੂਲੇਸ਼ਨ ਹੋਣ ਤੇ ਐਮਰਜੈਂਸੀ ਆਪਰੇਸ਼ਨ ਕੁੱਝ ਘੰਟਿਆਂ ਚ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ । ਜੇ ਸਟਰੈਂਗੂਲੇਸ਼ਨ ਖਤਮ ਹੋ ਜਾਵੇ ਅਤੇ ਹਰਨੀਆਂ ਅੰਦਰ ਚਲਾ ਜਾਵੇ ਤਾਂ ਆਪਰੇਸ਼ਨ ਕੁਝ ਦਿਨ ਠਹਿਰ ਕੇ ਕਰਦੇ ਹਨ,ਜਿਸ ਨਾਲ ਮਾਂਸਪੇਸ਼ੀਆਂ ਦੀ ਸੋਝ ਉਤਰ ਜਾਵੇ ਤੇ ਮੁਰੰਮਤ ਮਜਬੂਤ ਹੋ ਸਕੇ । ਸਟਰੈਗੂਲੇਸ਼ਨ ਦੇ ਪਹਿਲੇ ਦਿਨਾਂ ਚ ਹੀ ਜੋ ਮਰੀਜ਼ ਆਰਾਮ ਨਾਲ ਬਿਸਤਰੇ ਤੇ ਲੇਟੇ ਉਸ ਨੂੰ ਦਰਦ ਦਾ ਟੀਕਾ ਲਾਇਆ ਜਾਂਦਾ ਹੈ ਅਤੇ ਬਿਸਤਰੇ ਦਾ ਪੈਰਾਂ ਵਾਲਾ ਪਾਸਾ 6 ਤੋਂ 12 ਇੰਚ ਉੱਪਰ ਰੱਖਿਆ ਜਾਂਦਾ ਹੈ । ਇਸ ਨਾਲ ਹਰਨੀਆ ਅੰਦਰ ਜਾ ਸਕਦਾ ਹੈ । ਜੇ ਗੰਢ ਅੰਦਰ ਨਾ ਜਾਵੇ ਤਾ ਇਸ ਨੂੰ ਹੱਥ ਨਾ ਦਬਾ ਕੇ ਟੈਨਸੀਸ ਤਰੀਕੇ ਨਾਲ ਅੰਦਰ ਕੀਤਾ ਜਾਂਦਾ ਹੈ । ਦੇਰੀ ਵਾਲੇ ਮਰੀਜ਼ਾਂ ਚ ਇਹ ਸੰਭਵ ਨਹੀਂ ।

ਹਰਨੀਆ ਬੈਲਟ ਸਹੀ ਇਲਾਜ ਨਹੀਂ ਹੈ । ਇਹ ਪਰੇਸ਼ਾਨੀ ਕਰਨ ਵਾਲੀ ਵਿਧੀ ਵੀ ਹੈ । ਇਸ ਨੂੰ ਹਰ ਸਮੇਂ ਇੱਕੋ ਥਾਂ ਸੁਰਾਖ਼ ਤੇ ਰੱਖਣਾ ਮੁਸ਼ਕਲ ਹੁੰਦਾ ਹੈ। ਇਸ ਨਾਲ ਹਰਨੀਆ ਖਤਮ ਤਾਂ ਹੁੰਦਾ ਹੀ ਨਹੀਂ । ਸਗੋਂ ਇਸ ਦੇ ਦਬਾਅ ਨਾਲ ਮਾਸਪੇਸ਼ੀਆਂ ਕਮਜ਼ੋਰ ਹੋ ਜਾਂਦੀਆਂ ਹਨ ।

* ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
98156 29301

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ



## ਭਾਰਤ ਅਤੇ ਅਮਰੀਕਾ ਵਿਚਕਾਰ ਅੰਤਰਿਮ ਵਪਾਰ ਸਮਝੌਤੇ (Interim Trade Deal) ਬਾਰੇ ਮੁੱਖ ਵਾਰਤਾਕਾਰਾਂ ਦੀ ਮੀਟਿੰਗ ਮੁੜ ਤਹਿ ਕੀਤੀ ਜਾ ਰਹੀ ਹੈ।

### ਹੋਰ ਅੰਤਰਰਾਸ਼ਟਰੀ ਮੀਡੀਆ ਵਿੱਚ ਵੀ ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਮਿਲ ਰਹੀ ਹੈ।

ਭਾਰਤ ਅਤੇ ਅਮਰੀਕਾ ਵਿਚਕਾਰ ਅੰਤਰਿਮ ਵਪਾਰ ਸਮਝੌਤੇ (Interim Trade Deal) ਬਾਰੇ ਮੁੱਖ ਵਾਰਤਾਕਾਰਾਂ ਦੀ ਮੀਟਿੰਗ ਮੁੜ ਤਹਿ ਕੀਤੀ ਜਾ ਰਹੀ ਹੈ। ਇਹ ਖ਼ਬਰ ਛਪੀ ਹੈ ਅਤੇ ਹੋਰ ਅੰਤਰਰਾਸ਼ਟਰੀ ਮੀਡੀਆ ਵਿੱਚ ਵੀ ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਮਿਲ ਰਹੀ ਹੈ। ਆਓ ਇਸ ਬਾਰੇ ਵਿਸਥਾਰ ਨਾਲ ਸਮਝੀਏ।ਇਹ ਮੀਟਿੰਗ ਅਸਲ ਵਿੱਚ 23 ਫਰਵਰੀ 2026 ਤੋਂ ਵਾਸ਼ਿੰਗਟਨ ਵਿੱਚ ਤਿੰਨ ਦਿਨਾਂ ਲਈ ਤੈਅ ਸੀ। ਭਾਰਤ ਵੱਲੋਂ ਮੁੱਖ ਵਾਰਤਾਕਾਰ (Chief Negotiator) ਵਜੋਂ ਵਣਜ ਮੰਤਰਾਲੇ ਦੇ ਜੁਆਇੰਟ ਸਕੱਤਰ ਦਰਪਨ ਜੈਨ ਅਗਵਾਈ ਕਰਨ ਵਾਲੇ ਸਨ। ਇਸ ਮੀਟਿੰਗ ਦਾ ਮਕਸਦ ਅੰਤਰਿਮ ਵਪਾਰ ਸਮਝੌਤੇ ਦੇ ਡਰਾਫਟ ਨੂੰ ਅੰਤਿਮ ਰੂਪ ਦੇਣਾ ਅਤੇ ਕਾਨੂੰਨੀ ਟੈਕਸਟ ਤਿਆਰ ਕਰਨਾ ਸੀ। ਪਰ ਹੁਣ ਦੋਵੇਂ ਦੇਸ਼ਾਂ ਨੇ ਇਸ ਨੂੰ ਮੁੜ ਤਹਿ ਕਰਨ ਦਾ ਫੈਸਲਾ ਕੀਤਾ ਹੈ।ਇਸ ਦਾ ਮੁੱਖ ਕਾਰਨ ਅਮਰੀਕੀ ਸੁਪਰੀਮ ਕੋਰਟ ਦਾ ਤਾਜ਼ਾ ਫੈਸਲਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਾਲ ਹੀ ਵਿੱਚ ਸਾਰੇ ਦੇਸ਼ਾਂ 'ਤੇ 10% ਟੈਰਿਫ ਲਗਾਇਆ ਸੀ, ਜੋ 24 ਫਰਵਰੀ ਤੋਂ 150 ਦਿਨਾਂ ਲਈ ਲਾਗੂ ਹੋਣਾ ਸੀ। ਫਿਰ ਅਗਲੇ ਦਿਨ ਇਸ ਨੂੰ 15% ਵਧਾ ਦਿੱਤਾ ਗਿਆ। ਪਰ ਸੁਪਰੀਮ ਕੋਰਟ ਨੇ ਇਨ੍ਹਾਂ ਟੈਰਿਫਾਂ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਅਤੇ ਕਿਹਾ ਕਿ ਰਾਸ਼ਟਰਪਤੀ ਨੇ 1977 ਦੇ ਇੰਟਰਨੈਸ਼ਨਲ ਐਮਰਜੈਂਸੀ ਇਕਨਾਮਿਕ ਪਾਵਰਜ਼ ਐਕਟ (IEEPA) ਦੀ ਗਲਤ ਵਰਤੋਂ ਕੀਤੀ ਹੈ। ਇਸ ਫੈਸਲੇ ਨਾਲ ਟਰੰਪ ਪ੍ਰਸ਼ਾਸਨ ਦੀਆਂ ਟੈਰਿਫ ਨੀਤੀਆਂ 'ਤੇ ਸਵਾਲ ਉੱਠੇ ਹਨ ਅਤੇ ਵਪਾਰਕ ਸਥਿਤੀ ਵਿੱਚ ਅਨਿਸ਼ਚਿਤਤਾ ਪੈਦਾ ਹੋ ਗਈ ਹੈ।ਪਿਛਲੇ ਸਮੇਂ ਵਿੱਚ ਅਮਰੀਕਾ ਨੇ ਭਾਰਤ 'ਤੇ 25% ਰੈਟਾਲੀਏਟਰੀ ਟੈਰਿਫ ਲਗਾਏ ਸਨ। ਇਸ ਤੋਂ ਇਲਾਵਾ ਰੂਸ ਤੋਂ ਤੇਲ ਖਰੀਦਣ ਕਾਰਨ ਵਧੇਰੇ 25% ਟੈਰਿਫ ਲਗਾ ਕੇ ਕੁੱਲ 50% ਤੱਕ ਪਹੁੰਚ ਗਏ ਸਨ। ਇਸ ਮਹੀਨੇ ਦੇ ਸ਼ੁਰੂ ਵਿੱਚ ਭਾਰਤ ਅਤੇ ਅਮਰੀਕਾ ਨੇ ਅੰਤਰਿਮ ਸਮਝੌਤੇ ਦੀ ਰੂਪਰੇਖਾ 'ਤੇ ਸਹਿਮਤੀ ਜਤਾਈ ਸੀ। ਇਸ ਅਨੁਸਾਰ ਅਮਰੀਕਾ ਟੈਰਿਫ ਨੂੰ 18% ਤੱਕ ਘਟਾਉਂਦਾ ਅਤੇ ਰੂਸੀ ਤੇਲ ਵਾਲੇ ਵਧੀਕ 25% ਟੈਰਿਫ ਹਟਾਉਂਦਾ। ਭਾਰਤ ਵੱਲੋਂ ਅਮਰੀਕਾ ਤੋਂ 500 ਬਿਲੀਅਨ ਡਾਲਰ ਦੀਆਂ ਚੀਜ਼ਾਂ (ਊਰਜਾ, ਹਵਾਈ ਜਹਾਜ਼, ਤਕਨੀਕ ਆਦਿ) ਖਰੀਦਣ ਦਾ ਵਾਅਦਾ ਵੀ ਸੀ। ਵਣਜ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਸੀ ਕਿ ਇਹ ਸਮਝੌਤਾ ਮਾਰਚ ਵਿੱਚ ਸਾਈਨ ਹੋ ਕੇ ਅਪ੍ਰੈਲ ਤੋਂ ਲਾਗੂ ਹੋ ਸਕਦਾ ਹੈ।

ਪਰ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਦੋਵੇਂ ਪਾਸੇ ਨੂੰ ਲੇਟੈਸਟ ਵਿਕਾਸ ਦਾ ਜਾਇਜ਼ਾ ਲੈਣ ਅਤੇ ਉਨ੍ਹਾਂ ਦੇ ਅਸਰ ਨੂੰ ਸਮਝਣ ਲਈ ਸਮਾਂ ਚਾਹੀਦਾ ਹੈ। ਇੱਕ ਸੂਤਰ ਨੇ ਕਿਹਾ ਹੈ: "ਭਾਰਤੀ ਵਾਰਤਾਕਾਰਾਂ ਦੀ ਅਮਰੀਕਾ ਯਾਤਰਾ ਬਾਰੇ ਦੋਵੇਂ ਪਾਸੇ ਸਹਿਮਤ ਹਨ ਕਿ ਇਹ ਮੀਟਿੰਗ ਉਦੋਂ ਹੋਵੇ ਜਦੋਂ ਦੋਵੇਂ ਪਾਸੇ ਤਾਜ਼ਾ ਵਿਕਾਸ ਅਤੇ ਉਨ੍ਹਾਂ ਦੇ ਅਸਰ ਨੂੰ ਪਰਖ ਸਕਣ। ਦੋਵਾਂ ਨੂੰ ਇਸ ਲਈ ਸਮਾਂ ਚਾਹੀਦਾ ਹੈ। ਹੁਣ ਮੀਟਿੰਗ ਦੀ ਮਿਤੀ ਦੋਵਾਂ ਦੀ ਸਹੂਲਤ ਅਨੁਸਾਰ ਮੁੜ ਤੈਅ ਕੀਤੀ ਜਾਵੇਗੀ।"ਭਾਰਤ ਲਈ ਅਮਰੀਕਾ ਇੱਕ ਵੱਡਾ ਵਪਾਰਕ ਸਾਥੀ ਹੈ।

# ਪੰਜਾਬੀ ਗਾਇਕਾ ਗੀਤਾ ਜੈਲਦਾਰ ਨੇ ਫਗਵਾੜੇ ਦੇ ਇੱਕ ਦੁਕਾਨਦਾਰ ਤੋਂ ਮੁਆਫੀ ਮੰਗ ਲਈ ਹੈ।



**ਦੁਕਾਨਦਾਰ ਨਿਸ਼ਾਤ ਬੱਤਰਾ (ਜਾਂ ਨਿਸ਼ਾਨ ਬੱਤਰਾ) ਨੇ ਦੱਸਿਆ ਕਿ ਨੇ ਉਸ ਦੀ ਦੁਕਾਨ ਵਿੱਚ ਦਾਖਲ ਹੋ ਕੇ ਉਸ ਨਾਲ ਬਦਸਲੂਕੀ ਕੀਤੀ ਅਤੇ ਬਾਊਂਸਰਾਂ ਨੇ ਉਸ ਨੂੰ ਕੁੱਟਮਾਰ ਕੀਤੀ**

ਪੰਜਾਬੀ ਗਾਇਕਾ ਗੀਤਾ ਜੈਲਦਾਰ ਨੇ ਫਗਵਾੜੇ ਦੇ ਇੱਕ ਦੁਕਾਨਦਾਰ ਤੋਂ ਮੁਆਫੀ ਮੰਗ ਲਈ ਹੈ। ਇਹ ਮਾਮਲਾ ਬਹੁਤ ਚਰਚਾ ਵਿੱਚ ਰਿਹਾ ਸੀ ਜਦੋਂ ਗੀਤਾ ਜੈਲਦਾਰ ਅਤੇ ਉਸ ਦੇ ਬਾਊਂਸਰਾਂ ਨੇ ਫਗਵਾੜੇ ਵਿੱਚ ਲਾਡੀ ਦੀ ਹੱਟੀ ਨਾਂ ਦੀ ਕੱਪੜਿਆਂ ਵਾਲੀ ਦੁਕਾਨ 'ਤੇ ਜਾ ਕੇ ਦੁਕਾਨਦਾਰ ਨਾਲ ਝਗੜਾ ਕੀਤਾ ਸੀ। ਝਗੜੇ ਦਾ ਮੁੱਖ ਕਾਰਨ ਲਗਭਗ 2000 ਰੁਪਏ ਦਾ ਇੱਕ ਕੁੜਤਾ ਸੀ। ਦੁਕਾਨਦਾਰ ਨਿਸ਼ਾਤ ਬੱਤਰਾ (ਜਾਂ ਨਿਸ਼ਾਨ ਬੱਤਰਾ) ਨੇ ਦੱਸਿਆ ਕਿ ਨੇ ਉਸ ਦੀ ਦੁਕਾਨ ਵਿੱਚ ਦਾਖਲ ਹੋ ਕੇ ਉਸ ਨਾਲ ਬਦਸਲੂਕੀ ਕੀਤੀ ਅਤੇ ਬਾਊਂਸਰਾਂ ਨੇ ਉਸ ਨੂੰ ਕੁੱਟਮਾਰ ਕੀਤੀ। ਇਸ ਦੌਰਾਨ ਦੁਕਾਨਦਾਰ ਦੀ ਕਮੀਜ਼ ਵੀ ਫੱਟ ਗਈ ਸੀ। ਇਹ ਸਾਰਾ ਵਾਕਿਆ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਿਆ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ।

ਦੁਕਾਨਦਾਰ ਨੇ ਫਗਵਾੜਾ ਪੁਲਿਸ ਨੂੰ ਲਿਖਤੀ ਸ਼ਿਕਾਇਤ ਦੇ ਦਿੱਤੀ ਸੀ ਅਤੇ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ। ਇਸ ਘਟਨਾ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਗੀਤਾ ਜੈਲਦਾਰ ਵਿਰੁੱਧ ਆਵਾਜ਼ ਉਠਾਈ ਅਤੇ ਉਸ ਨੂੰ ਜਵਾਬਦੇਹ ਠਹਿਰਾਇਆ। ਲੋਕਾਂ ਨੇ ਕਿਹਾ ਕਿ ਸੈਲੇਬ੍ਰਿਟੀ ਹੋਣ ਕਰਕੇ ਕਿਸੇ ਨੂੰ ਵੀ ਬਦਮਾਸ਼ੀ ਕਰਨ ਦਾ ਹੱਕ ਨਹੀਂ ਬਣਦਾ। ਇਸ ਤਰ੍ਹਾਂ ਦੇ ਵਿਵਾਦ ਪਹਿਲਾਂ ਵੀ ਪੰਜਾਬੀ ਇੰਡਸਟਰੀ ਵਿੱਚ ਹੁੰਦੇ ਰਹੇ ਹਨ ਪਰ ਇਹ ਮਾਮਲਾ ਬਹੁਤ ਤੇਜ਼ੀ ਨਾਲ ਫੈਲ ਗਿਆ ਕਿਉਂਕਿ ਵੀਡੀਓ ਸਾਹਮਣੇ ਆ ਗਿਆ ਸੀ।

ਫਿਰ 22 ਫਰਵਰੀ 2026 ਨੂੰ ਗੀਤਾ ਜੈਲਦਾਰ ਖੁਦ ਦੁਕਾਨਦਾਰ ਦੀ ਦੁਕਾਨ 'ਤੇ ਪਹੁੰਚੀ। ਉਸ ਨੇ ਬਹੁਤ ਹਲੀਮੀ ਨਾਲ ਗੱਲਬਾਤ ਕੀਤੀ ਅਤੇ ਦੁਕਾਨਦਾਰ ਨਿਸ਼ਾਤ ਬੱਤਰਾ ਤੇ ਉਸ ਦੇ ਪਿਤਾ ਤੋਂ ਮੁਆਫੀ ਮੰਗੀ। ਗੀਤਾ ਜੈਲਦਾਰ ਨੇ ਆਪਣੇ ਬਾਊਂਸਰਾਂ ਵੱਲੋਂ ਵੀ ਮੁਆਫੀ ਮੰਗਵਾਈ। ਉਸ ਨੇ ਦੁਕਾਨਦਾਰ ਦੇ ਮੱਥੇ 'ਤੇ ਤਿਲਕ ਲਾਇਆ ਅਤੇ ਜੱਫੀਆਂ ਪਾਈਆਂ। ਇਹ ਸਾਰਾ ਦ੍ਰਿਸ਼ ਵੀ ਲੋਕਾਂ ਨੇ ਵੇਖਿਆ ਅਤੇ ਫੋਟੋਆਂ-ਵੀਡੀਓ ਸ਼ੇਅਰ ਕੀਤੇ।

ਦੁਕਾਨਦਾਰ ਨਿਸ਼ਾਤ ਬੱਤਰਾ ਨੇ ਕਿਹਾ ਕਿ ਗੀਤਾ ਜੈਲਦਾਰ ਨੇ ਬਹੁਤ ਸਤਿਕਾਰ ਨਾਲ ਮੁਆਫੀ ਮੰਗੀ ਹੈ ਅਤੇ ਹੁਣ ਉਨ੍ਹਾਂ ਦਾ ਆਪਸੀ ਵਿਵਾਦ ਸੁਲਝ ਗਿਆ ਹੈ। ਉਹ ਪੁਲਿਸ ਵਿੱਚ ਦਿੱਤੀ ਸ਼ਿਕਾਇਤ ਵਾਪਸ ਲੈ ਲਵੇਗਾ ਅਤੇ ਕੋਈ ਵੀ ਕਾਨੂੰਨੀ ਕਾਰਵਾਈ ਅੱਗੇ ਨਹੀਂ ਵਧਾਏਗਾ। ਇਸ ਤਰ੍ਹਾਂ ਇਹ ਮਾਮਲਾ ਸ਼ਾਂਤੀ ਨਾਲ ਖਤਮ ਹੋ ਗਿਆ।

ਇਹ ਘਟਨਾ ਸਾਨੂੰ ਸਿਖਾਉਂਦੀ ਹੈ ਕਿ ਗੁੱਸੇ ਵਿੱਚ ਕੀਤੇ ਕੰਮ ਬਾਅਦ ਵਿੱਚ ਪਛਤਾਵੇ ਦਾ ਕਾਰਨ ਬਣਦੇ ਹਨ। ਗੀਤਾ ਜੈਲਦਾਰ ਵਰਗੀ ਮਸ਼ਹੂਰ ਹਸਤੀ ਨੂੰ ਵੀ ਆਪਣੀ ਗਲਤੀ ਮੰਨ ਕੇ ਮੁਆਫੀ ਮੰਗਣੀ ਪਈ। ਇਸ ਨਾਲ ਸਮਾਜ ਵਿੱਚ ਇੱਕ ਚੰਗਾ ਸੰਦੇਸ਼ ਗਿਆ ਕਿ ਕਿਸੇ ਵੀ ਹਾਲਤ ਵਿੱਚ ਬਦਸਲੂਕੀ ਜਾਂ ਹਿੰਸਾ ਸਹੀ ਨਹੀਂ। ਲੋਕਾਂ ਨੂੰ ਵੀ ਚਾਹੀਦਾ ਹੈ ਕਿ ਛੋਟੇ-ਛੋਟੇ ਮਾਮਲਿਆਂ ਨੂੰ ਗੱਲਬਾਤ ਨਾਲ ਸੁਲਝਾਇਆ ਜਾਵੇ ਤਾਂ ਜੋ ਵੱਡੀਆਂ ਸਮੱਸਿਆਵਾਂ ਨਾ ਪੈਦਾ ਹੋਣ।

ਪੰਜਾਬੀ ਇੰਡਸਟਰੀ ਵਿੱਚ ਅਜਿਹੇ ਵਿਵਾਦ ਅਕਸਰ ਸਾਹਮਣੇ ਆਉਂਦੇ ਰਹਿੰਦੇ ਹਨ ਪਰ ਅਜਿਹੇ ਮਾਮਲੇ ਜਲਦੀ ਸੁਲਝ ਜਾਣ ਨਾਲ ਸਾਰਿਆਂ ਲਈ ਚੰਗਾ ਹੁੰਦਾ ਹੈ। ਗੀਤਾ ਜੈਲਦਾਰ ਨੇ ਆਪਣੀ ਗਲਤੀ ਨੂੰ ਮੰਨ ਕੇ ਇੱਕ ਚੰਗੀ ਮਿਸਾਲ ਕਾਇਮ ਕੀਤੀ ਹੈ ਅਤੇ ਇਸ ਨਾਲ ਉਸ ਦੇ ਫੈਨਸ ਵੀ ਖੁਸ਼ ਹੋਏ ਹੋਣਗੇ। ਹੁਣ ਉਹ ਆਪਣੇ ਗੀਤਾਂ ਅਤੇ ਪ੍ਰੋਗਰਾਮਾਂ 'ਤੇ ਧਿਆਨ ਦੇ ਸਕਦੀ ਹੈ।

# ਫ਼ਰੀਦਕੋਟ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਇੱਕ ਸਰਵਿੰਗ ਫੌਜੀ ਜਵਾਨ ਸਮੇਤ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ

**ਫ਼ਰੀਦਕੋਟ | Cee7 News**

ਫ਼ਰੀਦਕੋਟ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਇੱਕ ਸਰਵਿੰਗ ਫੌਜੀ ਜਵਾਨ ਸਮੇਤ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹਨਾਂ ਮੁਲਜ਼ਮਾਂ ਕੋਲੋਂ 4.8 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ, ਜੋ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕਰੋੜਾਂ ਰੁਪਏ ਦੀ ਹੈ। ਇਸ ਤਸਕਰੀ ਨੈੱਟਵਰਕ ਨਾਲ ਪਾਕਿਸਤਾਨ ਤੋਂ ਸੰਬੰਧਿਤ ਡਰੱਗ ਮਾਫੀਆ ਦਾ ਸਿੱਧਾ ਸਬੰਧ ਸਾਹਮਣੇ ਆਇਆ ਹੈ। ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਨੇ ਇਸ ਸਫਲਤਾ ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਹਿੱਸਾ ਦੱਸਿਆ ਹੈ।ਗ੍ਰਿਫ਼ਤਾਰ ਹੋਏ ਵਿਅਕਤੀਆਂ ਵਿੱਚ ਭਾਰਤੀ ਫੌਜ ਵਿੱਚ ਤਾਇਨਾਤ ਜਰਨੈਲ ਸਿੰਘ ਉਰਫ਼ ਗੋਲਡੀ (ਲੁਧਿਆਣਾ ਨਿਵਾਸੀ), ਬਰਖਾਸਤ ਪੰਜਾਬ ਪੁਲਿਸ ਕਰਮਚਾਰੀ ਅਮਰਦੀਪ ਸਿੰਘ ਉਰਫ਼ ਬਾਕਸਰ (ਫਿਰੋਜ਼ਪੁਰ), ਡਿੰਪਲ ਰਾਣੀ (ਫਿਰੋਜ਼ਪੁਰ), ਰਮਨਦੀਪ ਕੌਰ, ਸਰਬਜੀਤ ਸਿੰਘ ਉਰਫ਼ ਸੱਬਾ ਅਤੇ ਅੰਮ੍ਰਿਤਪਾਲ ਸਿੰਘ ਉਰਫ਼ ਅਭਿਜੋਤ (ਸਾਰੇ ਮੋਗਾ ਨਿਵਾਸੀ) ਸ਼ਾਮਲ ਹਨ। ਪੁਲਿਸ ਨੇ ਇਹਨਾਂ ਕੋਲੋਂ ਨਾ ਸਿਰਫ਼ ਹੈਰੋਇਨ ਬਰਾਮਦ ਕੀਤੀ ਸਗੋਂ ਇੱਕ .30 ਬੋਰ ਪਿਸਟਲ ਤਿੰਨ ਗੋਲੀਆਂ ਸਮੇਤ, 30 ਹਜ਼ਾਰ ਰੁਪਏ ਨਕਦ ਡਰੱਗ ਮਨੀ ਅਤੇ ਦੋ ਗੱਡੀਆਂ – ਮਹਿੰਦਰਾ ਥਾਰ ਅਤੇ ਮਹਿੰਦਰਾ ਐਕਸਯੂਵੀ-500 – ਵੀ ਜ਼ਬਤ ਕੀਤੀਆਂ ਹਨ।ਇਹ ਕਾਰਵਾਈ ਫਰੀਦਕੋਟ ਪੁਲਿਸ ਦੀ ਖੁਫੀਆ ਜਾਣਕਾਰੀ ਅਤੇ ਦੋ ਮਹੀਨਿਆਂ ਦੀ ਜੇਲ੍ਹ ਅੰਦਰੂਨੀ ਨਿਗਰਾਨੀ ਤੋਂ ਬਾਅਦ ਸੰਭਵ ਹੋਈ। ਐਸਐੱਸਪੀ ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ 20-21 ਫਰਵਰੀ ਦੀ ਰਾਤ ਨੂੰ ਸੀਆਈਏ ਸਟਾਫ ਨੇ ਗ੍ਰੀਨ ਐਵੇਨਿਊ ਨੇੜੇ ਥਾਰ ਗੱਡੀ ਨੂੰ ਰੋਕਿਆ। ਡੀਐੱਸਪੀ ਤਰਲੋਚਨ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਖੋਜ ਦੌਰਾਨ 1.008 ਕਿਲੋ ਹੈਰੋਇਨ ਅਤੇ ਨਕਦੀ ਬਰਾਮਦ ਕਰਕੇ ਚਾਰ ਵਿਅਕਤੀਆਂ ਨੂੰ ਕਾਬੂ ਕੀਤਾ। ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਇਹ ਖੇਪ ਅਮਰਦੀਪ ਸਿੰਘ ਉਰਫ਼ ਬਾਕਸਰ ਨੇ ਐਕਸਯੂਵੀ-500 ਵਿੱਚ ਸਪਲਾਈ ਕੀਤੀ ਸੀ। ਬਾਅਦ ਵਿੱਚ ਗੋਲੇਆਣਾ ਸੇਮਨਾਲਾ ਨੇੜੇ ਬਾਕਸਰ ਅਤੇ ਡਿੰਪਲ ਰਾਣੀ ਨੂੰ ਰੋਕ ਕੇ 3.796 ਕਿਲੋ ਹੈਰੋਇਨ ਅਤੇ ਪਿਸਟਲ ਬਰਾਮਦ ਕੀਤੀ ਗਈ।

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਨੈੱਟਵਰਕ ਪਾਕਿਸਤਾਨ ਅਧਾਰਤ ਸਮੱਗਲਰਾਂ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਸੀ। ਉਹ ਡਰੋਨਾਂ ਰਾਹੀਂ ਹੈਰੋਇਨ ਦੀਆਂ ਖੇਪਾਂ ਭਾਰਤ ਵਿੱਚ ਭੇਜਦੇ ਸਨ। ਮੁਲਜ਼ਮਾਂ ਨੇ ਆਪਣੀਆਂ ਅਧਿਕਾਰਕ ਪਛਾਣ ਪੱਤਰਾਂ ਦੀ ਵਰਤੋਂ ਕਰਕੇ ਨਾਕੇ ਅਤੇ ਟੋਲ ਪਲਾਜ਼ੇ ਆਸਾਨੀ ਨਾਲ ਪਾਰ ਕੀਤੇ। ਔਰਤਾਂ ਨੂੰ ਵੀ ਗੱਡੀਆਂ ਵਿੱਚ ਸ਼ਾਮਲ ਕਰਕੇ ਤਸਕਰੀ ਨੂੰ ਛੁਪਾਉਣ ਦੀ ਰਣਨੀਤੀ ਵਰਤੀ ਗਈ। ਅਮਰਦੀਪ ਸਿੰਘ ਬਾਕਸਰ ਉੱਤੇ ਪਹਿਲਾਂ ਵੀ ਨੌਂ ਅਪਰਾਧਿਕ ਮਾਮਲੇ ਦਰਜ ਹਨ, ਜਦਕਿ ਹੋਰ ਮੁਲਜ਼ਮ ਵੀ ਐਨਡੀਪੀਐੱਸ ਐਕਟ ਅਤੇ ਹਥਿਆਰਾਂ ਐਕਟ ਤਹਿਤ ਪਹਿਲਾਂ ਸਜ਼ਾ ਯਾਫਤਾ ਰਹੇ ਹਨ।ਪੰਜਾਬ ਪੁਲਿਸ ਨੇ ਇਸ ਮਾਮਲੇ ਵਿੱਚ ਐਫਆਈਆਰ ਨੰਬਰ 95 ਮਿਤੀ 21 ਫਰਵਰੀ 2026 ਨੂੰ ਸਿਟੀ ਫਰੀਦਕੋਟ ਥਾਣੇ ਵਿੱਚ ਐਨਡੀਪੀਐੱਸ ਐਕਟ ਦੀ ਧਾਰਾ 21(c) ਅਤੇ 27A ਤਹਿਤ ਦਰਜ ਕੀਤੀ ਹੈ।

**ਇਹਨਾਂ ਮੁਲਜ਼ਮਾਂ ਕੋਲੋਂ 4.8 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ, ਜੋ ਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕਰੋੜਾਂ ਰੁਪਏ ਦੀ ਹੈ**





## ਹੋਲੇ ਮਹੱਲੇ ਤੇ ਮੁਫ਼ਤ ਮੈਡੀਕਲ ਕੈਂਪ ਲਗਾਉਣ ਸਬੰਧੀ ਮੀਟਿੰਗ ਕੀਤੀ ਗਈ

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ,22 ਫਰਵਰੀ

ਖਾਲਸੇ ਦੀ ਜਨਮ ਭੂਮੀ, ਆਨੰਦਾ ਦੀ ਪੁਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਰ ਸਾਲ ਹੋਲੇ ਮਹੱਲੇ ਦਾ ਤਿਉਹਾਰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਦੇਸ਼,ਵਿਦੇਸ਼ਾਂ ਤੋਂ ਸੰਗਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼ਰਧਾ ਪੂਰਵਕ ਨਤਮਸਤਕ ਹੋਣ ਲਈ ਆਉਂਦੀਆਂ ਹਨ ਸੰਗਤਾਂ ਦੀ ਸਿਹਤ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ ਨੰਬਰ 100 ਵਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾਵੇਗਾ। ਇਸ ਸਬੰਧੀ ਕੀਤੀ ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਡਾ. ਸੁਖਬੀਰ ਸਿੰਘ ਕੱਕਾ ਕੰਡਿਆਲਾ ਸੀਨੀਅਰ ਮੀਤ ਪ੍ਰਧਾਨ ਪੰਜਾਬ,ਡਾ ਮਨਜਿੰਦਰ ਸਿੰਘ ਬਾਠ ਵਾਈਸ ਚੇਅਰਮੈਨ ਜ਼ਿਲ੍ਹਾ ਤਰਨ ਤਾਰਨ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਡਿਸਪੈਂਸਰੀ ਸਚਖੰਡ ਵਾਸੀ ਸੰਤ ਬਾਬਾ ਸੁਲੱਖਣ ਸਿੰਘ ਜੀ ਗੁਰਦੁਆਰਾ ਲੋਹ ਲੰਗਰ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ 32ਵਾਂ ਫ੍ਰੀ ਮੈਡੀਕਲ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਲੋੜਵੰਦ ਮਰੀਜ਼ਾਂ ਦਾ ਚੈੱਕ ਅੱਪ ਕਰਕੇ ਮੁੱਢਲੀ ਸਿਹਤ ਸਹੂਲਤ ( ਫਸਟ ਏਡ ) ਮੁਫ਼ਤ ਦਿੱਤੀ ਜਾਵੇਗੀ ਡਾ ਤਜਿੰਦਰ ਸਿੰਘ ਢਿੱਲੋਂ ਸੂਬਾ ਪ੍ਰਧਾਨ ਡਾ. ਗੁਰਭੇਜ ਸਿੰਘ ਢੋਟੀਆਂ ਜ਼ਿਲਾ ਪ੍ਰਧਾਨ ਨੇ ਸਾਂਝੇ ਬਿਆਨ 'ਚ ਦੱਸਿਆ ਕਿ ਇਹ ਕੈਂਪ 27 ਫਰਫਰੀ ਤੋਂ ਸ਼ੁਰੂ ਕੀਤਾਜਾਵੇਗਾ ਜੋ 4 ਮਾਰਚ ਹੋਲੇ ਮੁਹੱਲੇ ਵਾਲੇ ਦਿਨ ਤੱਕ ਜਾਰੀ ਰਹੇਗਾ । ਇਸ ਮੌਕੇ ਡਾ.ਗੁਰਬਿੰਦਰ ਸਿੰਘ ਵਿਰਦੀ, ਡਾ.ਅਮੋਲਕ ਸਿੰਘ ਗੋਰਖਾ,ਡਾ.ਬਲਦੇਵ ਸਿੰਘ ਜੋਧਪੁਰ,ਡਾ. ਅਨੋਖ ਸਿੰਘ ਮੁਰਾਦਪੁਰਾ ਹਰਜੀਤ ਸਿੰਘ,ਡਾ. ਪਲਵਿੰਦਰ ਝਬਾਲ ਜ਼ਿਲ੍ਹਾ ਕੈਸ਼ੀਅਰ ਡਾ. ਮਨਜਿੰਦਰ ਸਿੰਘ,ਡਾ ਜਸਬੀਰ ਸਿੰਘ ਵੈਈਪੂਈ ਬਲਾਕ ਪ੍ਰਧਾਨ ਖਡੂਰ ਸਾਹਿਬ,ਡਾ. ਮਲਕੀਤ ਸਿੰਘ ਡਾ ਮਨਜਿੰਦਰ ਗਿੱਲ ਬਲਾਕ ਪ੍ਰਧਾਨ ਤਰਨ ਤਾਰਨ ਡਾ ਸੁਰਜੀਤ ਸਿੰਘ ਢੰਡ ਜ਼ਿਲ੍ਹਾ ਚੇਅਰਮੈਨ,ਡਾ ਸਤਪਾਲ ਭੱਟੀ,ਡਾ ਨਰਿੰਦਰ ਸ਼ਰਮਾ,ਡਾ. ਕਸ਼ਮੀਰ ਰੰਧਾਵਾ,ਡਾ. ਅਨਮੋਲ ਢੰਡ,ਡਾ ਹਰਜੀਤ ਢੋਟੀਆਂ ,ਡਾ. ਬਲਰਾਜ ਧਾਰੜ,ਡਾ.ਅਮਰਜੀਤ ਤੁੜ,ਡਾ. ਸਤਿਬੀਰ ਕੰਗ,ਡਾ. ਹਰਨੂਰ ਤਰਨ ਤਾਰਨ,ਡਾ. ਖਜ਼ਾਨ ਸਿੰਘ ਮਲੀਆ, ਮੈਡਮ ਕੁਲਵਿੰਦਰ ਕੋਰ ਮੈਡਮ ਕਿਰਨਦੀਪ ਕੌਰ ਡਾ.ਕੁਲਦੀਪ ਸਿੰਘ ਛਾਪੜੀ ਸਾਹਿਬ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਤਰਨ ਤਾਰਨ ਆਦਿ ਵਲੋਂ ਮੁਫ਼ਤ ਮੈਡੀਕਲ ਕੈਂਪ ਪੂਰਨ ਸਹਿਯੋਗ ਕਰਨ ਦਾ ਭਰੋਸਾ ਦਿੱਤਾ ਗਿਆ ।



## ਬਿਜਲੀ ਕਾਮਿਆਂ ਦੀ ਏਟਕ ਜਥੇਬੰਦੀ ਨੇ ਸਰਕਲ ਚੋਣ ਵਿੱਚ ਕੁਲਵਿੰਦਰ ਸਿੰਘ ਬਾਗੜੀਆ ਨੂੰ ਪ੍ਰਧਾਨ , ਪੂਰਨ ਦਾਸ ਸਕੱਤਰ ਅਤੇ ਲਖਵਿੰਦਰ ਸਿੰਘ ਬਹਿਲਾ ਨੂੰ ਖਜ਼ਾਨਚੀ ਚੁਣਿਆ

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 22 ਫਰਵਰੀ

ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਸਥਾਨਕ 66 ਕੇ ਵੀ ਬਿਜਲੀ ਘਰ ਫੋਕਲ ਪੁਆਇੰਟ ਵਿਖੇ ਸਰਕਲ ਕਮੇਟੀ ਦੀ ਚੋਣ ਕਰਨ ਲਈ ਚੁਣੇ ਹੋਏ ਡੈਲੀਗੇਟਾਂ ਦੀ ਇਕੱਤਰਤਾ ਬਲਜਿੰਦਰ ਕੌਰ, ਬਲਜਿੰਦਰ ਸਿੰਘ ਅਤੇ ਲਖਵਿੰਦਰ ਸਿੰਘ ਦੇ ਸਾਂਝੇ ਪ੍ਰਧਾਨਗੀ ਮੰਡਲ ਹੇਠ ਹੋਈ। ਸਾਢੇ ਤਿੰਨ ਸਾਲ ਬਾਅਦ ਜਥੇਬੰਦਕ ਕਾਨਫਰੰਸ ਕਰਨ ਲਈ ਹੋਈ ਇਸ ਇਕੱਤਰਤਾ ਵਿੱਚ ਵੱਖ - ਵੱਖ ਡਵੀਜ਼ਨਾਂ ਤੋਂ ਚੁਣੇ ਹੋਏ ਡੈਲੀਗੇਟਾਂ ਨੇ ਹਿੱਸਾ ਲਿਆ। ਇਸ ਜਥੇਬੰਦਕ ਕਾਨਫਰੰਸ ਦਾ ਉਦਘਾਟਨੀ ਭਾਸ਼ਣ ਇੰਜੀ : ਕੁਲਵਿੰਦਰ ਸਿੰਘ ਬਾਗੜੀਆ ਨੇ ਕਰਦਿਆਂ ਅਦਾਰੇ ਵਿੱਚ ਕੰਮ ਕਰ ਰਹੇ ਮੁਲਾਜ਼ਮਾਂ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਲਈ ਏਟਕ ਜਥੇਬੰਦੀ ਦੇ ਸਲਾਘਾਯੋਗ ਰੋਲ ਬਾਰੇ ਹਾਜ਼ਰੀਨ ਨੂੰ ਜਾਣੂ ਕਰਵਾਇਆ। ਉਪਰੰਤ ਸਰਕਲ ਸਕੱਤਰ ਪੂਰਨ ਦਾਸ ਨੇ ਪਿਛਲੇ ਅਰਸ਼ੇ ਦੀ ਜਥੇਬੰਦਕ ਅਤੇ ਖਰਚਾ ਰਿਪੋਰਟ ਹਾਊਸ ਦੇ ਸਾਹਮਣੇ ਪੇਸ਼ ਕੀਤੀ। ਜਿਸ ਤੇ ਦਰਜਨ ਦੇ ਕਰੀਬ ਡੈਲੀਗੇਟਾਂ ਨੇ ਬਹਿਸ ਕਰਕੇ ਕੁੱਝ ਵਾਧੇ ਦਰਜ ਕਰਵਾਏ ਜਿੰਨਾਂ ਨੂੰ ਪ੍ਰਧਾਨਗੀ ਮੰਡਲ ਨੇ ਜਥੇਬੰਦਕ ਅਤੇ ਖਰਚਾ ਰਿਪੋਰਟ ਦਾ ਹਿੱਸਾ ਮੰਨ ਕੇ ਸਰਬਸੰਮਤੀ ਨਾਲ ਹਾਊਸ ਦੀ ਮਨਜ਼ੂਰੀ ਨਾਲ ਨਾਅਰਿਆਂ ਦੀ ਗੂਜ ਵਿੱਚ ਪਾਸ ਕਰਵਾਇਆ।

ਇਸ ਕਾਨਫਰੰਸ ਵਿੱਚ ਉਚੇਚੇ ਤੌਰ ਤੇ ਪਹੁੰਚੇ ਭਰਾਤਰੀ ਜਥੇਬੰਦੀ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ ਸਬੰਧਤ ਏਟਕ ਦੇ ਸਰਕਲ ਸਕੱਤਰ ਨਰਿੰਦਰ ਬੇਦੀ ਅਤੇ ਸੂਬਾ ਆਗੂ ਤਾਰਾ ਸਿੰਘ ਖਹਿਰਾ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੀ ਘਟੀਆ ਨੀਤੀ ਦੀ ਜੋਰਦਾਰ ਨਿੰਦਾ ਕਰਦੇ ਹੋਏ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਨੂੰ ਜਾਣਬੁੱਝ ਕੇ ਲਮਕਾ ਅਵਸਥਾ ਵਿੱਚ ਰੱਖਣ ਖਿਲਾਫ਼ ਸੰਘਰਸ਼ ਲਈ ਕਮਰਕੱਸੇ ਕਰਨ ਦਾ ਹਾਜ਼ਰੀਨ ਨੂੰ ਸੱਦਾ ਦਿੱਤਾ ।ਇਸ ਚੋਣ ਨੂੰ ਸੁਚਾਰੂ ਤਰੀਕੇ ਨਾਲ ਨੇਪਰੇ ਚਾੜਣ ਲਈ ਨਿਗਰਾਨ ਦੇ ਤੌਰ ਤੇ ਪਹੁੰਚੇ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਚੋਣ ਅਮਲ ਤੋਂ ਪਹਿਲਾਂ ਸੰਬੋਧਨ ਕਰਦਿਆਂ ਕਿਹਾ ਕੇ ਅਦਾਰੇ ਦੇ ਸੀ ਐਮ ਡੀ ਡਾ.ਬਸੰਤ ਗਰਗ ਆਈ ਏ ਐਸ ਨੇ 14 ਜਨਵਰੀ ਨੂੰ ਗੈਸਟ ਹਾਊਸ ਮੁਹਾਲੀ ਵਿਖੇ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਨੂੰ ਪੂਰੀ ਮੈਨੇਜਮੈਂਟ ਦੀ ਹਾਜ਼ਰੀ ਵਿੱਚ ਭਰੋਸਾ ਦਿੱਤਾ ਸੀ ਕੇ ਅਦਾਰੇ ਦੀ ਕੋਈ ਵੀ ਜ਼ਮੀਨ ਨਹੀਂ ਵੇਚੀ ਜਾਵੇਗੀ ਅਤੇ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਦਾ ਜਲਦੀ ਹੱਲ ਕੀਤਾ ਜਾਵੇਗਾ ਅਤੇ ਸਾਰੇ ਮਸਲਿਆਂ ਦੇ ਨਿਪਟਾਰੇ ਸਬੰਧੀ ਦੁਬਾਰਾ ਮੀਟਿੰਗ ਕੀਤੀ ਜਾਵੇਗੀ ਪਰ ਬਹੁਤ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੈਨੇਜਮੈਂਟ ਨੇ ਵਾਅਦਾ ਖਿਲਾਫ਼ੀ ਕਰਕੇ ਮੰਨੀਆਂ ਮੰਗਾਂ ਨੂੰ ਵੱਟੇ ਖਾਤੇ ਪਾ ਦਿੱਤਾ ਹੈ । ਇਸੇ ਤਰ੍ਹਾਂ ਬਿਜਲੀ ਸੋਧ ਬਿੱਲ 2025 ਦੇ ਲੋਕ ਵਿਰੋਧੀ ਘਾਤਕ ਖਰੜੇ ਬਾਰੇ ਵੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋਂ ਭੰਬਲਭੂਸੇ ਵਾਲੀ ਸਥਿਤੀ ਪੈਦਾ ਕਰ ਰੱਖੀ ਹੈ । ਗੰਡੀਵਿੰਡ ਨੇ ਹਾਕਮਾਂ ਦੀਆਂ ਪੂੰਜੀਪਤੀਆਂ ਦੇ ਹਿੱਤ ਪੂਰਨ ਵਾਲੀਆ ਨੀਤੀਆਂ ਵਿਰੁੱਧ 12 ਫਰਵਰੀ ਨੂੰ ਹੋਈ ਦੇਸ਼ ਵਿਆਪੀ ਹੜਤਾਲ ਨੂੰ ਵੱਡਾ ਸਮਰਥਨ ਦੇ ਕੇ ਕਾਮਯਾਬ ਕਰਨ ਲਈ ਬਿਜਲੀ ਕਾਮਿਆਂ ਦਾ ਧੰਨਵਾਦ ਕੀਤਾ । ਇਸ ਮੌਕੇ ਤੇ ਬੁਲਾਰਿਆਂ ਨੇ 19 ਫੀਸਦੀ ਮਹਿੰਗਾਈ ਭੱਤਾ ਜਾਰੀ ਨਾਂ ਕਰਨ , ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਤੋਂ ਟਾਲਾ ਵੱਟਣ ਸਮੇਤ ਕੱਚੇ ਕਾਮੇ ਪੱਕੇ ਨਾਂ ਕਰਨ ਲਈ ਪੰਜਾਬ ਸਰਕਾਰ ਦੀ ਤਿੱਖੀ ਨੁਕਤਾਚੀਨੀ ਕੀਤੀ । ਅਖੀਰ ਤੇ ਬਲਜਿੰਦਰ ਕੌਰ ਵੱਲੋਂ ਪੁਰਾਣੀ ਸਰਕਲ ਕਮੇਟੀ ਭੰਗ ਕਰਨ ਉਪਰੰਤ ਸੂਬਾ ਪ੍ਰਧਾਨ ਗੰਡੀਵਿੰਡ ਨੇ ਗਿਆਰਾਂ ਮੈਂਬਰੀ ਨਵੀਂ ਕਮੇਟੀ ਦਾ ਪੈਨਲ ਹਾਜ਼ਰੀਨ ਸਾਹਮਣੇ ਪੇਸ਼ ਕੀਤਾ। ਜਿਸ ਵਿੱਚ ਸੁਪ੍ਰਸਤ ਬਲਜਿੰਦਰ ਸਿੰਘ ਪਲਾਸੌਰ , ਪ੍ਰਧਾਨ ਕੁਲਵਿੰਦਰ ਸਿੰਘ ਬਾਗੜੀਆ , ਸੀਨੀ :ਮੀਤ ਪ੍ਰਧਾਨ ਬਲਜੀਤ ਸਿੰਘ ਪੱਟੀ , ਮੀਤ ਪ੍ਰਧਾਨ ਮੇਜਰ ਸਿੰਘ ਨਾਗੋਕੇ , ਗੁਰਨਾਮ ਸਿੰਘ ਪੰਡੋਰੀ ਗੋਲਾ , ਸਕੱਤਰ ਪੂਰਨ ਦਾਸ , ਮੀਤ ਸਕੱਤਰ ਤਰਜੀਤ ਸਿੰਘ ਨਾਗੋਕੇ , ਖਜਾਨਚੀ ਲਖਵਿੰਦਰ ਸਿੰਘ ਬਹਿਲਾ , ਸਹਾਇਕ ਖਜਾਨਚੀ ਬਚਿੱਤਰ ਸਿੰਘ ਖੇਲਾ , ਜਥੇਬੰਦਕ ਸਕੱਤਰ ਲਵਜੋਤ ਸਿੰਘ ਖਹਿਰਾ, ਆਡੀਟਰ ਅੰਸ਼ਦੀਪ ਕੌਰ ਦੇ ਨਾਮ ਬਤੌਰ ਅਹੁੱਦੇਦਾਰਾਂ ਦੇ ਰੂਪ ਵਿੱਚ ਹਾਜ਼ਰੀਨ ਨੇ ਨਾਅਰਿਆਂ ਦੀ ਗੂੰਜ ਵਿੱਚ ਪ੍ਰਵਾਨ ਕੀਤੇ । ਅਖੀਰ ਤੇ ਨਵੀਂ ਚੁਣੀ ਕਮੇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਬਾਗੜੀਆ ਨੇ ਨਵੀਂ ਚੁਣੀ ਕਮੇਟੀ ਦੀ ਤਰਫੋਂ ਜਥੇਬੰਦੀ ਦੇ ਕੰਮ ਨੂੰ ਪੂਰੀ ਤਨਦੇਹੀ ਨਾਲ ਕਰਨ ਦਾ ਹਾਜ਼ਰੀਨ ਨੂੰ ਭਰੋਸਾ ਦਿੱਤਾ। ਉਪਰੰਤ ਚੁਣੇ ਗਏ ਅਹੁੱਦੇਦਾਰਾਂ ਦਾ ਸੀਨੀਅਰ ਲੀਡਰਸ਼ਿਪ ਨੇ ਹਾਰ ਪਾ ਕੇ ਸਨਮਾਨ ਕੀਤਾ।




## ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਸ਼ੂਗਰ ਮਿਲ ਸ਼ੇਰੋ ਵਿੱਚ ਸਰਕਾਰ ਵੱਲੋਂ ਜਾਰੀ ਉਸਾਰੀ ਰੁਕਵਾਈ

ਗੁਰਪ੍ਰੀਤ ਸਿੰਘ ਕੱਦ ਗਿੱਲ (ਤਰਨ ਤਾਰਨ, 22 ਫਰਵਰੀ) ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਅੱਜ ਸਰਕਾਰੀ ਖੰਡ ਮਿਲ ਸ਼ੇਰੋ ਦੀ ਜਮੀਨ ਉੱਪਰ ਪੰਜਾਬ ਸਰਕਾਰ ਵੱਲੋਂ ਧੱਕੇ ਨਾਲ ਕੀਤੀ ਜਾ ਰਹੀ ਉਸਾਰੀ ਨੂੰ ਜਥੇਬੰਦਕ ਦਬਾਅ ਅਧੀਨ ਰੁਕਵਾਇਆ ਗਿਆ। ਪਿਛਲੇ ਲੰਬੇ ਸਮੇਂ ਤੋਂ ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨ ਤਾਰਨ ਜ਼ਿਲਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕਰ ਰਿਹਾ ਸੀ ਕਿ ਸਰਕਾਰੀ ਖੰਡ ਮਿਲ ਸ਼ੇਰੋ ਦੀ ਜਮੀਨ ਕਿਸੇ ਕੀਮਤ ਤੇ ਵੀ ਕਿਸੇ ਹੋਰ ਦੇ ਨਾਂ ਮਾਲਕੀ ਤਬਦੀਲ ਨਾ ਕੀਤੀ ਜਾਵੇ। ਡਿਪਟੀ ਕਮਿਸ਼ਨਰ ਤਰਨ ਤਾਰਨ ਵੱਲੋਂ ਬਾਰ-ਬਾਰ ਇਹ ਭਰੋਸਾ ਦਵਾਇਆ ਜਾਂਦਾ ਰਿਹਾ ਕਿ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਪਰ ਸੰਯੁਕਤ ਮੋਰਚੇ ਦੇ ਦਬਾਅ ਦੇਣ ਹੁਣ ਜਦੋਂ ਇਹ ਗੱਲ ਸਾਹਮਣੇ ਆਈ ਹੈ ਕਿ ਸਰਕਾਰ ਨੇ ਪਹਿਲਾਂ ਇਹ ਜਮੀਨ ਫੂਡ ਸਪਲਾਈ ਵਿਭਾਗ ਨੂੰ ਦੇ ਦਿੱਤੀ ਸੀ ਤੇ ਹੁਣ ਨਵੰਬਰ 2025 ਨੂੰ ਕੈਬਨਟ ਵਿੱਚ ਮਤਾ ਪਾਸ ਕਰਕੇ ਇਸ ਦੀ ਇਸ ਨੂੰ ਵੱਖ-ਵੱਖ ਕਈ ਹਿੱਸਿਆਂ ਵਿੱਚ ਵਾਧੂ ਮਾਲਕੀ ਸਮਝ ਕੇ ਵੰਡ ਦਿੱਤਾ ਗਿਆ ਹੈ।ਕਿਸਾਨ ਜਥੇਬੰਦੀਆਂ ਸ਼ੁਰੂ ਤੋਂ ਹੀ ਸ਼ੂਗਰ ਮਿੱਲ ਸ਼ੇਰੋ ਨੂੰ ਚਾਲੂ ਕਰਨ ਦੀ ਮੰਗ ਕਰ ਰਹੀਆਂ ਹਨ। ਅੱਜ ਜਿਉਂ ਹੀ ਕਿਸਾਨਾਂ ਦੇ ਧਿਆਨ ਵਿੱਚ ਆਇਆ ਕਿ ਮਿਲ ਦੀ ਜ਼ਮੀਨ ਵਿੱਚ ਪੋਕ ਲਾਈਨ ਨਾਲ ਕੋਈ ਉਸਾਰੀ ਸ਼ੁਰੂ ਕੀਤੀ ਜਾ ਰਹੀ ਹੈ ਤਾਂ ਤੁਰੰਤ ਜਥੇਬੰਦੀਆਂ ਨੇ ਇਕੱਠ ਕਰਕੇ ਹੋ ਰਹੇ ਇਸ ਉਸਾਰੀ ਨੂੰ ਰੁਕਵਾ ਦਿੱਤਾ ਅਤੇ ਚੇਤਾਵਨੀ ਦਿੱਤੀ ਕਿ ਪ੍ਰਸ਼ਾਸਨ ਇਸ ਤਰ੍ਹਾਂ ਦੇ ਘਟੀਆ ਹੱਥ ਕੰਡਿਆਂ ਤੋਂ ਬਾਜ ਆਵੇ ਇਹ ਕਿਸਾਨਾਂ ਦੀ ਸੰਪਤੀ ਹੈ ਅਸੀਂ ਕਿਸੇ ਕੀਮਤ ਤੇ ਵੀ ਇਸ ਨੂੰ ਵਿਕਣ ਨਹੀਂ ਦਵਾਂਗੇ। ਅੱਜ ਦੇ ਇਸ ਇਕੱਠ ਵਿੱਚ ਗੁਰਸਾਬ ਸਿੰਘ ਡਲ ਕਾਦੀਆਂ ,ਜਸਾ ਸਿੰਘ ਕਦਰ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਟਾਂਡਾ, ਦਲਜੀਤ ਸਿੰਘ ਦਿਆਲਪੁਰ ਜਮਹੂਰੀ ਕਿਸਾਨ ਸਭਾ, ਤਰਸੇਮ ਸਿੰਘ ਕਲਸੀ ਕਿਸਾਨ ਸੰਘਰਸ਼ ਕਮੇਟੀ ਕਲਸੀ ,ਗੁਰਬਚਨ ਸਿੰਘ ਘੜਕਾ ਕਿਸਾਨ ਸੰਘਰਸ਼ ਕਮੇਟੀ ਪਨੂੰ ,ਮੰਨਣ ਬੀਕੇਯੂ ਉਗਰਾਹਾਂ, ਗੁਰਚਰਨ ਸਿੰਘ ਸਭਰਾ, ਤਰਸੇਮ ਸਿੰਘ ਲੁਹਾਰ ਕੌਮੀ ਕਿਸਾਨ ਯੂਨੀਅਨ, ਸੁਖਚੈਨ ਸਿੰਘ ਸਰਹਾਲੀ ,ਸਰਦਾਰਾਂ ਸਿੰਘ ਸਖੀਰਾ, ਨਛੱਤਰ ਸਿੰਘ ਮੁਗਲ ਚੱਕ ਕਿਰਤੀ ਕਿਸਾਨ ਯੂਨੀਅਨ ,ਭੁਪਿੰਦਰ ਸਿੰਘ ਪੰਡੋਰੀ ਡੋਰੀ ਤਖਤ ਮਲ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਆਜ਼ਾਦ ਏਕਤਾ ,ਅਜੀਤ ਸਿੰਘ ਚੰਬਾ ਬੀਕੇਯੂ ਰਾਜੇਵਾਲ, ਗੁਰਪ੍ਰੀਤ ਸਿੰਘ ਗੰਡੀਵਿੰਡ ਕੁਲ ਹਿੰਦ ਕਿਸਾਨ ਸਭਾ ,ਮਨਜੀਤ ਸਿੰਘ ਬੱਗੂ ਜਮਹੂਰੀ ਕਿਸਾਨ ਸਭਾ ,ਅਵਤਾਰ ਸਿੰਘ ਪੀਪੀਸੀਐਲ, ਅਮੋਲਕ ਸਿੰਘ, ਦਲਜੀਤ ਸਿੰਘ ਜਵੰਦਾ ਵਾਰਸ ਪੰਜਾਬ ਦੇ ਆਦਿ ਬੁਲਾਰਿਆਂ ਨੇ ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕੀਤੇ ।

## ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ



ਅੰਮ੍ਰਿਤਸਰ/ਚੋਹਲਾ ਸਾਹਿਬ 22 ਫਰਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਸੰਨ 1921 ਵਿਚ ਵਾਪਰੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਵਰਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ।ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸਰਵਣ ਕਰਵਾਇਆ।ਇਸ ਮੌਕੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਾਡੇ ਪੁਰਖਿਆਂ ਨੇ ਗੁਰਦੁਆਰਾ ਸਾਹਿਬਾਨ ਨੇ ਪ੍ਰਬੰਧ ਨੂੰ ਪੰਥਕ ਹੱਥਾਂ ਵਿੱਚ ਲੈਣ ਲਈ ਅਨੇਕਾਂ ਕੁਰਬਾਨੀਆਂ ਦਿੱਤੀਆਂ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਨੂੰ ਅਖੌਤੀ ਮਹੰਤਾਂ ਤੋਂ ਅਜ਼ਾਦ ਕਰਵਾਉਣ ਲਈ ਸਿੱਖ ਯੋਧਿਆਂ ਨੇ ਜਿਸ ਦ੍ਰਿੜ੍ਹਤਾ ਅਤੇ ਦਲੇਰੀ ਦਾ ਪ੍ਰਗਟਾਵਾ ਕੀਤਾ, ਉਹ ਸਿੱਖ ਕੌਮ ਨੂੰ ਸੰਗਠਤ ਕਰਨ ਵਿਚ ਮੀਲ-ਪੱਥਰ ਸਾਬਤ ਹੋਇਆ। ਉਨ੍ਹਾਂ ਕਿਹਾ ਕਿ ਆਪਣੀਆਂ ਕੌਮੀ ਸੰਸਥਾਵਾਂ ਦੀ ਮਜ਼ਬੂਤੀ ਲਈ ਕੌਮ ਦੇ ਇਨ੍ਹਾਂ ਮਹਾਨ ਸ਼ਹੀਦਾਂ ਤੋਂ ਸੇਧ ਲੈ ਕੇ ਪੰਥਕ ਪਹਿਰੇਦਾਰੀ ਕਰਨੀ ਸਾਡਾ ਫਰਜ਼ ਹੈ। ਇਸੇ ਦੌਰਾਨ ਢਾਡੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਵੱਲੋਂ ਵੀ ਸੰਗਤ ਨੂੰ ਗੁਰ-ਇਤਿਹਾਸ ਨਾਲ ਜੋੜਿਆ ਗਿਆ।ਸਮਾਗਮ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਜਸਬੀਰ ਸਿੰਘ, ਸ. ਗੁਰਤਿੰਦਪਾਲ ਸਿੰਘ ਕਾਦੀਆਂ, ਮੀਤ ਮੈਨੇਜਰ ਸ. ਦਿਲਬਾਗ ਸਿੰਘ ਆਦਿ ਮੌਜੂਦ ਸਨ।ਇਸੇ ਦੌਰਾਨ ਢਾਡੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਵੱਲੋਂ ਵੀ ਸੰਗਤ ਨੂੰ ਗੁਰ-ਇਤਿਹਾਸ ਨਾਲ ਜੋੜਿਆ ਗਿਆ।ਸਮਾਗਮ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਜਸਬੀਰ ਸਿੰਘ, ਸ. ਗੁਰਤਿੰਦਪਾਲ ਸਿੰਘ ਕਾਦੀਆਂ, ਮੀਤ ਮੈਨੇਜਰ ਸ. ਦਿਲਬਾਗ ਸਿੰਘ ਆਦਿ ਮੌਜੂਦ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

